ਵਰਿਆਮ

ਜੁਲਾਈ ੧੯੯੨

੧/੫੦

# ਆਨੰਦ

ਕਹੈ ਨਾਨਕੁ ਏਹੁ ਆਨੰਦੁ ਹੈ
ਆਨੰਦੁ ਗੁਰ ਤੇ ਜਾਣਿਆ ।

—ਗੁਰੂ ਅਮਰਦਾਸ

ਉਸ (ਈਸ਼ਵਰ) ਦਾ ਨਾਮ ਆਨੰਦ ਹੈ ।

—ਕੇਨ ਉਪਨਿਸ਼ਦ

ਸੱਚੀ ਖੁਸ਼ੀ ਤਕਲੀਫ ਤੋਂ ਬਾਅਦ ਆਉਂਦੀ ਹੈ ।

—ਮਹਾਂਭਾਰਤ

'ਖੁਸ਼ੀ ਮਿਲੇਗੀ ਜਾਂ ਸੱਤਾ' ਪ੍ਰਮਾਤਮਾ ਨੇ ਕਿਹਾ, ''ਤੁਸੀਂ ਦੋਵੇਂ ਚੀਜਾਂ ਨਹੀਂ ਲੈ ਸਕਦੇ ।''

—ਐਮਰਸਨ

ਖੁਸ਼ੀ ਹਾਸਲ ਕਰਨ ਦਾ ਰਾਹ
ਦੂਜਿਆਂ ਨੂੰ ਖੁਸ਼ ਕਰਨਾ ਹੈ ।

—ਰਾਬਰਟ ਜ਼ੀ. ਇੰਗਰਸੋਲ,

ਮਨ ਦੇ ਬੋਝ ਨੂੰ ਜਿਸ ਹਾਲਤ ਵਿਚ ਅਸੀਂ ਮਹਿਸੂਸ ਨਹੀਂ ਕਰਦੇ, ਉਸੇ ਨੂੰ ਕਹਿੰਦੇ ਹਾਂ—ਆਨੰਦ'।

ਟੈਗੋਰ

ਗਮਾਂ ਦੀ ਡੋਬ ਦੇ ਬੇੜੀ
ਖੁਸ਼ੀ ਦੀ ਨੈਂ 'ਚ ਤਰਿਆ ਕਰ ।
ਬਰਾਬਰ ਤੇ ਖੜ੍ਹਾ ਰਹਿ ਕੇ
ਡਰਾਇਆ ਕਰ ਨਾ ਡਰਿਆ ਕਰ ।

—ਧਨੀ ਰਾਮ ਚਾਤ੍ਰਿਕ

Sri Satguru Jagjit Singh Ji Elibrary NamdhariElibrary@gmail.com

ਮਾਸਕ ਵਰਿਆਮ ਜੁਲਾਈ ੧੯੯੨

ਜਿਲਦ ਨੰ: ੭ ਅੰਕ ਨੰ: ੯

ਸੰਪਾਦਕ । ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ । ੧-੫੦ ਰੁਪਿਆ
ਸਾਲਾਨਾ ਚੰਦਾ ਦੇਸ । ੧੫ ਰੁਪਏ

„ „ ਵਿਦੇਸ਼ : ੪੦ ਰੁਪਏ (ਸਮੁੰਦਰੀ ਡਾਕ ਰਾਹੀਂ
„ „ ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੩੦੦ ਰੁਪਏ ਕੇਵਲ ਦੇਸ ਵਿਚ

| | |
|---|---|
| ਦਫਤਰ ਦਾ ਪਤਾ : | Office Address |
| ਮਾਸਕ ਵਰਿਆਮ, | Monthly WARIAM |
| ਲਾਡੋਵਾਲੀ ਰੋਡ | (Punjabi) |
| ਜਲੰਧਰ—੧੪੪੦੦੧. | Ladowali Road |
| ਫੋਨ । ੭੨੫੦੪ ਪੀ, ਪੀ | Jalandhar-144001 |
| | Phone : 72504 PP |


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

GOLDEN HOLIDAYS

For You

To Thailand, Malayasia, Singapo
Hongkong, Japan, Europe & U.S.

Memorable Holidays

You Dream ............We Plan

We assist in Passports, Visas.
Reservations, Air Tickets, Internatio
& Domestic, Hotels & Car Hire.

TRAVEL WITHOUT WORRY

IS A

WAY WITH US

for all your Travel & Tour needs

Contat :-
**KWICK TRAVELS PVT. LTD**
2108, Desh Bandhu Gupta Road,
Karol Bagh, New Delhi-110005.
Phone : 562588, 569206
Cable : KWICKAIR.



Sri Satguru Jagjit Singh Ji Elibrary NamdhariElibrary@gmail.com

# ਅਸੀਂ ਕੀ ਕਰੀਏ ?

ਜ: ਸ: ਵਿਰਦੀ

ਅੱਜਕੱਲ ਦੇਸ਼ ਦਾ ਵਾਤਾਵਰਣ ਅਤੇ ਖਾਸ ਕਰਕੇ ਪੰਜਾਬ ਦਾ ਮਾਹੌਲ ਕਾਫੀ ਧੁੰਦਲਾ ਜਿਹਾ ਨਜ਼ਰ ਆ ਰਿਹਾ ਹੈ......

ਹਰ ਪਾਸੇ ਮਾਰਧਾੜ ਅਤੇ ਗੋਲੀਆਂ ਦੀ ਬੌਛਾੜ ਦੀਆਂ ਖ਼ਬਰਾਂ ਸੁਣਕੇ ਮੈਂ ਸੋਚਦਾ ਹਾਂ—

'ਕੀ ਮੈਂ ਕਿਸੇ ਅਜਨਬੀ ਦੇਸ਼ ਵਿਚ ਆ ਗਿਆ ਹਾਂ, ਜਾਂ ਕਿ ਆਪਣੇ ਦੇਸ਼ ਵਿਚ ਹੀ ਕੋਈ ਭਿਆਨਕ ਸੁਪਨਾ ਵੇਖ ਰਿਹਾ ਹਾਂ।'

ਉਸ ਵੇਲੇ ਮੈਨੂੰ ਕਿਸੇ ਵਿਦਵਾਨ ਦੀ ਬੜੀ ਹੀ ਵਧੀਆ ਗੱਲ ਚੇਤੇ ਆਉਂਦੀ ਹੈ—

'ਜਦੋਂ ਸਾਡੇ ਅੰਦਰੋਂ ਇਕ ਦੂਸਰੇ ਪ੍ਰਤਿ ਸਨੇਹ ਅਤੇ ਸੁਹਿਰਦਤਾ ਦਾ ਸੋਮਾ ਸੁੱਕ ਜਾਵੇ ਤਾਂ ਫੇਰ ਇਹੋ ਕੁਝ ਹੀ ਹੁੰਦਾ ਹੈ... ...ਕਈ ਵਾਰ ਇਸ ਤੋਂ ਵੀ ਵਧ।'

'ਪਰ ਉਹ ਸੁਹਿਰਦ ਦਿਲ ਕਿਥੇ ਚਲੇ ਗਏ ?' ਮੈਂ ਪਤਾ ਨਹੀਂ ਕਿਸ ਤੋਂ ਪੁਛਦਾ ਹਾਂ।

'ਬਹੁਤੇ ਪੈਸੇ ਦੀ ਖੁਮਾਰੀ ਨੇ ਪੰਜਾਬੀਆਂ ਨੂੰ ਅੰਨੇ ਕਰ ਦਿਤਾ ਹੈ !' ਕੋਈ ਕਹਿੰਦਾ ਹੈ।

'ਬਿਲਕੁਲ ਗਲਤ !' ਮੈਂ ਜ਼ੋਰ ਨਾਲ ਲਲਕਾਰਦਾ ਹਾਂ, ਜਿਵੇਂ ਕਿ ਕਿਸੇ ਭਿਆਨਕ ਸੁਪਨੇ ਵਿਚੋਂ ਜਾਗਿਆ ਹੋਵਾਂ। ਉਸ ਵੇਲੇ ਬੜੇ ਫਲਸਫੀ ਅੰਦਾਜ਼ ਵਿਚ ਮੇਰਾ ਇਕ ਮਿੱਤਰ ਕਹਿ ਰਿਹਾ ਸੀ—ਸੁਣ :

'ਰਬ ਨੇ ਇਕ ਪਲੜੇ ਵਿਚ ਕਿਤਾਬਾਂ ਰਖ ਦਿਤੀਆਂ ਤੇ ਦੂਸਰੇ ਵਿਚ ਰੁਪਏ......

ਫੇਰ ਉਹਨੇ ਪੰਜਾਬੀਆਂ ਨੂੰ ਕਿਹਾ—ਤੁਸੀਂ ਦੋਵਾਂ 'ਚੋਂ ਜਿਹੜੀ ਚੀਜ਼ ਚਾਹੁੰਦੇ ਹੋ...ਉਹਦਾ ਵਜ਼ਨ ਵਧਾ ਲਵੋ...ਤੇ ਪੰਜਾਬੀਆਂ ਨੇ ਰੁਪਿਆਂ ਵਾਲੇ ਪਲੜੇ ਦਾ ਵਜ਼ਨ ਵਧਾ ਲਿਆ।'

ਮੈਂ ਕਿੰਨਾ ਹੀ ਚਿਰ ਸੋਚਦਾ ਰਿਹਾ—'ਕੀ ਸੱਚਮੁੱਚ ਹੀ ਪੰਜਾਬੀਆਂ ਕੋਲ ਬਹੁਤੇ ਪੈਸੇ ਹੋ ਗਏ ਨੇ ?'

ਮੇਰਾ ਮਿੱਤਰ ਫੇਰ ਬੋਲਿਆ—'ਇਹੋ ਹੀ ਕਾਰਣ ਹੈ ਕਿ ਕਿਤਾਬਾਂ ਵਾਲਾ ਪਲੜਾ ਹਲਕਾ ਹੋ ਕੇ ਉਪਰ ਵਲ ਕਿਤੇ ਚਲਾ ਗਿਆ...ਤੇ ਪੰਜਾਬੀਆਂ ਕੋਲ ਰਹਿ ਗਏ ਸਿਰਫ ਪੈਸੇ......'

ਮੈਂ ਕਿਹਾ—'ਪਰ ਲੋਕ ਤਾਂ ਕਹਿੰਦੇ ਨੇ ਕਿ ਪੈਸੇ ਵਾਲੇ ਕਿਤਾਬਾਂ ਖਰੀਦ ਲੈਂਦੇ ਨੇ...ਕੀ ਕਿਤਾਬਾਂ ਪੈਸਿਆਂ ਨਾਲ ਨਹੀਂ ਖਰੀਦ ਹੁੰਦੀਆਂ ?'

'ਨਹੀਂ !' ਉਹਨੇ ਕਿਹਾ—'ਕਿਤਾਬਾਂ ਸਮਝ ਤੇ ਸੂਝ ਨਾਲ ਖਰੀਦ ਹੁੰਦੀਆਂ ਨੇ......'

'ਤਾਂ ਕੀ ਪੰਜਾਬੀਆਂ ਕੋਲ...?'

'ਹੁਣ ਸੂਝ ਨਾਲੋਂ ਪੈਸਾ ਬਹੁਤਾ ਹੋ ਗਿਆ ਹੈ।' ਮੇਰੇ ਮਿੱਤਰ ਨੇ ਕਹਿਕਹਾ ਲਾ ਕੇ ਕਿਹਾ—

'ਦੁਨੀਆਂ ਦੀਆਂ ਸਾਰੀਆਂ ਹੀ ਕੌਮਾਂ ਇਸ ਗੱਲ ਦਾ ਖਿਆਲ ਰਖਦੀਆਂ ਨੇ ਕਿ ਰੁਪਏ ਤੇ ਪੁਸਤਕਾਂ ਵਾਲੇ ਪਲੜੇ ਸਾਵੇਂ ਰਹਿਣ !

'ਪਰ ਪੰਜਾਬੀਆਂ ਨੇ ਕਦੀ ਵੀ ਇਹ ਗੱਲ ਨਹੀਂ ਸੋਚੀ। ਇਹੋ ਹੀ ਕਾਰਣ ਹੈ ਕਿ ਹੁਣ ਕਲਚਰ ਜਾਂ ਸਭਿਆਚਾਰ ਦੇ ਪੱਖੋਂ ਪੰਜਾਬ ਰੇਗਿਸਤਾਨ ਬਣਦਾ ਜਾ ਰਿਹਾ ਹੈ !'

'ਪਰ ਕਿਤਾਬਾਂ ਤੇ ਬੇਸ਼ੁਮਾਰ ਛੱਪ ਰਹੀਆਂ ਨੇ।'

'ਉਹਨਾਂ ਵਿਚ ਰੇਪ, ਉਧਾਲੇ ਅਤੇ ਮਾਰਧਾੜ ਦੇ ਇਲਾਵਾ ਹੋਰ ਕੀ ਹੈ ! ਇਹਨਾਂ ਕਿਤਾਬਾਂ ਨਾਲ ਕਲਚਰ ਨਹੀਂ ਕਾਇਮ ਰਹਿ ਸਕਦੀ।'

'ਮੈਂ ਤੇਰੀ ਇਹ ਗੱਲ ਨਹੀਂ ਮੰਨਦਾ।' ਮੇਰੇ ਮਿੱਤਰ ਨੇ ਰੋਹ ਨਾਲ ਕਿਹਾ। ਪਰ ਮੈਨੂੰ ਲਗ ਰਿਹਾ ਸੀ ਕਿ ਮੈਂ ਜਿਵੇਂ ਇਹ ਗੱਲ ਦਿਲੋਂ ਨਾ ਕਹਿ ਰਿਹਾ ਹੋਵਾਂ। ਜਿਵੇਂ ਕਿ ਮੇਰੀ ਇਸ ਗੱਲ ਨਾਲ ਮੇਰੀ ਸੋਚ ਹੀ ਸਹਿਮਤ ਨਾ ਹੋਵੇ ! ਆਪਣੇ ਆਪ ਨੂੰ ਆਪਣੇ ਨਾਲ ਹੀ ਸਹਿਮਤ ਕਰਨ ਲਈ ਸਭ ਤੋਂ ਪਹਿਲਾਂ ਮੈਂ ਸ਼ਬਦ ਕੋਸ਼ ਵਿਚ ਕਲਚਰ ਦੀ ਪਰਿਭਾਸ਼ਾ ਵੇਖੀ : 'ਕਿਸੇ ਕੌਮ ਜਾਂ ਕੌਮੀਅਤ ਦਾ ਸਮਾਜਿਕ ਵਿਰਸਾ ; ਇਕ ਸਮੇਂ ਦੇ ਸਮੂਚੇ ਚਿੰਨ੍ਹ-ਚੱਕਰ [ਔਜ਼ਾਰ, ਹਥਿਆਰ, ਘਰ, ਪੂਜਾ ਸਥਾਨ ਅਤੇ ਕਿਰਤ-ਘਰ, ਕਲਾ ਕਿਰਤਾਂ ਆਦਿ] ਇਸ ਵਿਚ ਮਾਨਸਿਕ ਅਤੇ ਅਧਿਆਤਮਕ ਪ੍ਰਾਪਤੀਆਂ (ਪ੍ਰਤੀਕ ਯੋਜਨਾ, ਵਿਚਾਰ, ਵਿਸ਼ਵਾਸ, ਸੌਂਦਰਯ ਬੋਧ ਸੰਕਲਪ ਅਤੇ ਕਦਰਾਂ ਕੀਮਤਾਂ ਵੀ ਸ਼ਾਮਲ ਹਨ। ਇਸ ਦੇ ਇਲਾਵਾ ਲੋਕਾਂ ਨੇ ਜਿਹੜੇ ਰੀਤੀ ਰਿਵਾਜ, ਵਰਤ-



Sri Satguru Jagjit Singh Ji Elibrary NamdhariElibrary@gmail.com

ਵਰਤਾਰੇ ਦੇ ਤੌਰ ਤਰੀਕੇ ਅਤੇ ਆਪਸੀ ਭਾਈਚਾਰੇ ਨਾਲ ਸ਼ਿਸ਼ਟਾਚਾਰ ਦੇ ਜਿਹੜੇ ਨਿਯਮ ਆਦਿ ਕਾਇਮ ਕੀਤੇ ਹੋਏ ਹੋਣ, ਉਹ ਵੀ ਕਲਚਰ ਦਾ ਹਿੱਸਾ ਹਨ। ਲੋਕਾਂ ਦੇ ਆਪਸੀ ਮੇਲ-ਜੋੜ ਕਾਰਣ ਸਮੇਂ ਅਤੇ ਸਥਾਨ ਦੀਆਂ ਵਿਸ਼ੇਸ਼ ਸਥਿਤੀਆਂ ਅਨੁਸਾਰ ਜਿਹੜੀਆਂ ਉਸਾਰੂ ਪ੍ਰਾਪਤੀਆਂ ਹੁੰਦੀਆਂ ਹਨ, ਉਹਨਾਂ ਦਾ ਪ੍ਰਗਟਾਵਾਂ ਸਾਹਿਤ ਅਤੇ ਕਲਾ ਕਿਰਤਾਂ ਰਾਹੀਂ ਹੁੰਦਾ ਹੈ। ਜਿਸ ਕਰਕੇ ਸਾਹਿਤ ਅਤੇ ਕਲਾ ਕਿਰਤਾਂ ਹੀ ਕਲਚਰ ਦਾ ਮਾਧਿਅਮ ਹਨ!'

ਪਰ ਮੈਨੂੰ ਇਸ ਗੱਲ ਦੀ ਸਮਝ ਫੇਰ ਵੀ ਨਾ ਆਈ ਕਿ ਪੰਜਾਬ ਕਲਚਰ ਦੇ ਪੱਖੋਂ ਰੇਗਿਸਤਾਨ ਕਿਵੇਂ ਬਣਦਾ ਜਾ ਰਿਹਾ ਹੈ ?

ਮੈਂ ਆਪਣੇ ਸ਼ਹਿਰ ਦੇ ਵੱਡੇ ਬਾਜ਼ਾਰ ਦਾ ਚੱਕਰ ਲਾਇਆ ਤਾਂ ਮੈਂ ਵੇਖਿਆ ਕਿ ਹਰ ਥਾਂ ਪੰਜਾਬ ਦੀ ਕਲਚਰ ਨੂੰ ਪੇਸ਼ ਕਰਨ ਵਾਲੇ ਗੀਤ ਵਜ ਰਹੇ ਸਨ। ਭਾਵੇਂ ਉਹ ਗੀਤ ਕਾਫੀ ਹੱਦ ਤਕ ਅਸ਼ਲੀਲ ਵੀ ਸਨ ਪਰ ਫੇਰ ਵੀ ਗੀਤ ਤਾਂ ਸਨ ਹੀ। ਫੇਰ ਗੀਤ ਵਜਾਣ ਵਾਲੀਆਂ ਦੁਕਾਨਾਂ ਸਾਹਮਣੇ ਬਹੁਤ ਸਾਰੇ ਲੋਕ ਵੀ ਖਲੋਤੇ ਹੋਏ ਝੂਮ ਰਹੇ ਸਨ। ਕਈ ਉਹਨਾਂ ਦੁਕਾਨਾਂ ਦੇ ਅੰਦਰ ਬੈਠੇ ਗੀਤ ਦੀ ਲੈਅ ਦੇ ਨਾਲ-ਨਾਲ ਦਾਰੂ ਦੇ ਜਾਮ ਵੀ ਟਕਰਾ ਰਹੇ ਸਨ। ਕੀ ਇਹ ਸਭ ਕੁਝ ਸਾਡੀ ਕਲਚਰ ਦਾ ਹਿੱਸਾ ਨਹੀਂ ਹੈ। (ਦਾਰੂ ਕਲਚਰ ਦਾ ਹਿੱਸਾ ਨਹੀਂ ?)

ਕਿਸ ਤੋਂ ਪੁਛਾਂ ?

ਮੈਂ ਕਈ ਯੂਨੀਵਰਸਿਟੀਆਂ ਦੇ ਕਲਚਰਡ ਡਾਕਟਰਾਂ ਕੋਲੋਂ ਵੀ ਪੁਛਿਆ ਪਰ ਉਹਨਾਂ ਨੇ ਜਿਹੜੀ ਪੰਜਾਬ ਦੀ ਕਲਚਰ ਦੀ ਵਿਆਖਿਆ ਕੀਤੀ, ਉਹ ਮੇਰੀ ਸਮਝ ਵਿਚ ਨਾ ਆ ਸਕੀ।

'ਕਲਚਰ ਸਾਨੂੰ ਵਧੀਆ ਢੰਗ ਨਾਲ ਰਹਿਣਾ, ਜੀਉਣਾ ਅਤੇ ਇਕ ਦੂਸਰੇ ਨਾਲ ਸਾਊ ਵਰਤਾਰਾ ਕਰਨਾ ਸਿਖਾਂਦੀ ਹੈ।' ਮੇਰੇ ਮਿੱਤਰ ਨੇ ਫੇਰ ਮੈਨੂੰ ਕਿਹਾ—'ਅਤੇ ਇਹ ਸਭ ਕੁਝ ਸਾਨੂੰ ਚੰਗੀਆਂ ਤੇ ਉਸਾਰੂ ਸੋਚ ਵਾਲੀਆਂ ਪੁਸਤਕਾਂ ਪੜ੍ਹਕੇ, ਸਾਤਵਿਕ ਭਾਵਾਂ ਵਾਲੇ ਗੀਤ ਸੁਣਕੇ ਅਤੇ ਜੀਵਨ ਨੂੰ ਸ਼ਕਤੀ ਦੇਣ ਵਾਲੀਆਂ ਕਲਾ ਕਿਰਤਾਂ (ਚਿੱਤਰ, ਮੂਰਤੀਆਂ, ਪੂਜਾ ਸਥਾਨਾਂ ਦੀਆਂ ਇਮਾਰਤਾਂ,) ਵੇਖਕੇ ਸਮਝ ਆਉਂਦਾ ਹੈ।'

'ਪਰ ਅਸੀਂ ਪੰਜਾਬੀ ਤਾਂ ਬੜੇ ਅੱਖੜ ਹੁੰਦੇ ਹਾਂ।' ਮੈਂ ਕਿਹਾ। ਉਹ ਬੋਲਿਆ—'ਹੁੰਦੇ ਸਾਂ......, ਪਰ ਹੁਣ ਕੀ ਸਾਊ ਨਹੀਂ ਬਣਨਾ ਚਾਹੁੰਦੇ ? ਚਾਹੁੰਦੇ ਹਾਂ !'

'ਫੇਰ...ਜੇਕਰ ਸਾਡੇ ਲੋਕ ਸਾਰਾ ਦਿਨ ਦਾਰੂ ਪੀ ਕੇ ਇਕ ਦੂਸਰੇ ਦੀ ਧੀ-ਭੈਣ ਨਾਲ ਹੀ ਨਚਦੇ ਟਪਦੇ ਰਹਿਣਕੇ ਤਾਂ ਕਿਵੇਂ ਚੰਗੇਰੀ ਜੀਵਨ ਜਾਚ ਆ ਸਕਦੀ ਹੈ ?'

'ਜੀਵਨ ਜਾਚ ਬਾਰੇ ਤਾਂ ਸਾਡੇ ਲੇਖਕਾਂ ਨੇ ਬਹੁਤ ਕੁਝ ਲਿਖਿਆ ਹੈ...'

'ਕੀ ਉਹ ਸਭ ਕੁਝ ਪਿੰਡਾਂ ਵਿਚ ਲੋਕਾਂ ਤਕ ਪੁਜ ਗਿਆ ਹੈ ?'

'ਇਹ ਸਰਕਾਰ ਦਾ ਕੰਮ ਹੈ।' ਮੈਂ ਕਿਹਾ

'ਕਿਉਂ ?'

'ਜੇਕਰ ਸਰਕਾਰ ਪਿੰਡ-ਪਿੰਡ ਵਿਚ ਸ਼ਰਾਬ ਦੇ ਠੇਕੇ ਖੋਲ੍ਹਣੇ ਚਾਹੁੰਦੀ ਹੈ ਤਾਂ ਕੀ, ਪਿੰਡ-ਪਿੰਡ ਕਿਤਾਬਾਂ ਨਹੀਂ ਪਹੁੰਚਾ ਸਕਦੀ ?

ਮੇਰਾ ਮਿੱਤਰ ਸੋਚੀਂ ਪੈ ਗਿਆ ।

ਮੈਂ ਕਿਹਾ—'ਸਾਡੇ ਆਗੂਆਂ ਨੇ ਹਾਲੇ ਤਕ ਇਥੋਂ ਤਕ ਹੀ ਸੋਚਿਆ ਹੈ ਕਿ ਕਲਚਰ ਕੇਵਲ ਯੂਨੀਵਰਸਿਟੀਆਂ ਤਕ ਹੀ ਸੀਮਤ ਰਹਿਣੀ ਚਾਹੀਦੀ ਹੈ...ਜਾਂ ਵਧ ਤੋਂ ਵਧ ਚੰਡੀਗੜ੍ਹ ਵਿਚ ਕੋਈ ਥੇਟਰ ਬਣਾ ਦਿਤਾ ਜਾਵੇ...ਤੇ ਫੇਰ ਜੇਕਰ ਪਿੰਡਾਂ ਦੇ ਲੋਕ ਅੱਖੜ ਪੁਣੇ ਦਾ ਵਰਤਾਰਾ ਕਰਦੇ ਨੇ ਤਾਂ ਕਸੂਰ ਕਿਸ ਦਾ ਹੈ ?'

ਮੇਰੇ ਮਿੱਤਰ ਨੇ ਹਸ ਕੇ ਕਿਹਾ—'ਮੈਨੂੰ ਤਾਂ ਪਤਾ ਲਗਾ ਹੈ ਕਿ ਪੰਜਾਬ ਦੇ ਪਿੰਡ ਪਿੰਡ 'ਚ ਲਾਇਬ੍ਰੇਰੀ ਤੇ ਕਲਚਰਲ ਸੈਂਟਰ ਬਣ ਗਿਆ ਹੈ।'

ਮੈਨੂੰ ਹਾਸਾ ਆ ਗਿਆ। ਮੈਂ ਪੁਛਣਾ ਚਾਹੁੰਦਾ ਸਾਂ—'ਤੂੰ ਇਹ ਗੱਲ ਸਰਕਾਰੀ ਫਾਈਲਾਂ ਵਿਚ ਤਾਂ ਨਹੀਂ ਪੜ੍ਹੀ ?' ਪਰ ਮੈਂ ਉਹਨੂੰ ਕਿਹਾ—'ਆਪਾਂ ਕੋਈ ਗੰਭੀਰ ਗੱਲ ਕਰੀਏ!'

ਉਹ ਬੋਲਿਆ—'ਫੇਰ ਗੰਭੀਰ ਗੱਲ ਤਾਂ ਇਹੋ ਹੀ ਹੈ ਕਿ ਜੋ ਕੁਝ ਅਸੀਂ ਰਾਜਧਾਨੀ ਲਈ ਵਧੀਆ ਤੇ ਚਰ੍ਹੀ ਸਮਝਦੇ ਹਾਂ...ਉਹ ਸਭ ਕੁਝ ਹਰ ਪਿੰਡ ਵਿਚ ਵੀ ਪੁਜਣਾ ਚਾਹੀਦਾ ਹੈ । ਮਿਸਾਲ ਲਈ, ਥੇਟਰ, ਕਲਾ ਕੇਂਦਰ, ਸਾਹਿਤ ਕੇਂਦਰ ਅਤੇ ਲਾਇਬ੍ਰੇਰੀਆਂ...ਤਾਂ ਕਿ ਲੋਕਾਂ ਦਾ ਦਿਲ ਪੜ੍ਹਨ ਲਿਖਣ ਵਿਚ ਲਗੇ ਅਤੇ ਉਹ ਕਲਪਨਾ ਸ਼ੀਲ ਬਣਨ...ਉਹਨਾਂ ਦੇ ਅੰਦਰ ਕੁਝ ਬਣਨ ਦੀ ਇੱਛਾ ਪੈਦਾ ਹੋਵੇ!......ਹੁਣ ਤਾਂ ਹਾਲਤ ਇਹ ਹੈ ਕਿ ਉਹ ਸ਼ਾਮ ਵੇਲੇ ਹੀ ਦਾਰੂ ਦੇ ਲੋਰ ਨਾਲ ਇਕ-ਦੂਸਰੇ ਨੂੰ ਘੂਰਣ ਲਗ ਪੈਂਦੇ ਨੇ...ਕਈ ਵਾਰ ਤਾਂ ਪਤਾ ਹੀ ਨਹੀਂ ਲਗਦਾਂ ਕਿ ਉਹ



Sri Satguru Jagjit Singh Ji Elibrary NamdhariElibrary@gmail.com

ਸ਼ਰਾਬ ਪੀ ਰਹੇ ਨੇ ਕਿ ਇਕ ਦੂਸਰੇ ਦਾ ਲਹੂ ।'

ਮੈਂ ਆਪਣੇ ਮਿੱਤਰ ਨੂੰ ਕਿਹਾ ਕਿ ਪੰਜਾਬੀਆਂ ਨੂੰ ਸਾਊ ਢੰਗ ਨਾਲ ਜੀਉਣ ਅਤੇ ਜਨਮ-ਜਾਤ ਤੇ ਧਰਮ ਆਦਿ ਦੇ ਤਫਰਕੇ ਤੋਂ ਉਪਰ ਉਠਕੇ ਚੰਗੇਰਾ ਵਰਤਾਰਾ ਕਰਨ ਬਾਰੇ ਉਹਦੇ ਕੋਲ ਜਿਹੜਾ ਫਾਰਮੂਲਾ ਹੈ, ਉਹ ਲਿਖਕੇ ਪੇਸ਼ ਕਰੇ ।

ਉਹਨੇ ਕਿਹਾ ਕਿ ਇਸ ਤਰ੍ਹਾਂ ਦਾ ਕੋਈ ਵੀ ਫਾਰਮੂਲਾ ਨਹੀਂ ਹੁੰਦਾ । ਜਦੋਂ ਲੋਕਾਂ ਦੀ ਕਿਰਤ ਦਾ ਪ੍ਰਸੀਨਾ ਇਕ ਦੂਸਰੇ ਦੇ ਡੁਲਦਾ ਹੈ ਤਾਂ ਉਹ ਧਰਤੀ ਦੀ ਹਿੱਕ ਤੇ ਡੁਲਦਾ ਹੈ ਤਾਂ ਉਸ ਧਰਤੀ ਮਾਤਾ ਨੂੰ ਸਾਰੇ ਹੀ ਆਪਣੇ ਵਤਨ ਦੀ ਮਿੱਟੀ ਸਮਝ ਕੇ ਮਸਤਕ ਨਾਲ ਲਾਉਂਦੇ ਹਨ । ਲੋਕਾਂ ਦੇ ਦਿਲਾਂ ਵਿਚ ਇਹ ਭਾਵਨਾ ਭਰਨ ਦੀ ਲੋੜ ਹੈ ਕਿ ਵਤਨ ਦੀ ਇਸੇ ਮਿੱਟੀ ਵਿਚੋਂ ਅਸਾਂ ਜਨਮ ਲਿਆ ਹੈ ਅਤੇ ਮਰ ਕੇ ਇਸੇ ਦੀ ਗੋਦ ਵਿਚ ਸਮਾ ਜਾਣਾ ਹੈ । ਸਾਡੇ ਦੁਖ ਸੁਖ ਵੀ ਸਾਂਝੇ ਹਨ । ਮੈਂ ਕਿਹਾ—'ਇਹ ਗੱਲ ਤੂੰ ਲਿਖ ਕੇ ਕਹੁ ।' ਉਹ ਤਲਖੀ ਬਾਲ ਬੋਲਿਆ —'ਮਸਲਾ ਤਾਂ ਫੇਰ ਉਹੋ ਹੀ ਹੈ ਕਿ ਇਸ ਗੱਲ ਨੂੰ ਲੋਕਾਂ ਤਕ ਕਿਵੇਂ ਪਹੁੰਚਾਇਆ ਜਾਵੇ ।'

'ਪੁਸਤਕਾਂ ਰਾਹੀਂ' ਮੈਂ ਜ਼ੋਰ ਨਾਲ ਕਿਹਾ—'ਅਤੇ ਪੁਸਤਕਾਂ ਲਈ ਲਾਇਬ੍ਰੇਰੀਆਂ ਦੀ ਲੋੜ ਹੈ !...ਸਭਿਆ-ਚਾਰਕ ਕੇਂਦਰਾਂ ਦੀ ਜ਼ਰੂਰਤ ਹੈ ।'

ਮੇਰਾ ਮਿੱਤਰ ਕਈ ਸਾਲਾਂ ਤੋਂ ਕਿਸੇ ਬਾਹਰਲੇ ਦੇਸ਼ ਵਿਚ ਰਹਿ ਰਿਹਾ ਹੈ । ਦੇਸ ਵਿਚ ਬਦ ਅਮਨੀ ਦੇ ਹਾਲਾਤ ਵੇਖ ਕੇ ਉਹ ਤਾਂ ਛੇਤੀ ਹੀ ਵਾਪਿਸ ਚਲਾ ਗਿਆ ਪਰ ਮੈਂ ਤਾਂ ਹੋਰ ਕਰੋੜਾਂ ਲੋਕਾਂ ਵਾਂਗ ਇਸੇ ਧਰਤੀ ਤੇ ਜੀਊਣਾਂ ਤੇ ਜੂਝਣਾ ਹੈ !...ਮੈਂ ਕੀ ਕਰਾਂ ?

ਕੀ ਕੋਈ ਮੈਨੂੰ ਦਸ ਸਕਦਾ ਹੈ ਕਿ ਭਾਈਚਾਰਕ ਏਕਤਾ ਅਤੇ ਧਾਰਮਿਕ ਸਦ ਭਾਵਨਾ ਦੀ ਕਲਚਰ ਨੂੰ ਦੂਰ-ਦਰਾਜ਼ ਦੇ ਪਿੰਡਾਂ ਵਿਚ, ਘਰ-ਘਰ ਤਕ ਕਿਵੇਂ ਪਹੁੰਚਾਇਆ ਜਾ ਸਕਦਾ ਹੈ ? ★

# ਗੁਰਦੇਵ ਸਿੰਘ ਦੀ ਵਿਦੇਸ਼ ਯਾਤਰਾ

ਪ੍ਰਸਿਧ ਸਰੋਦ ਵਾਦਕ ਸ; ਗੁਰਦੇਵ ਸਿੰਘ ਨਾਮਧਾਰੀ, ਭਾਰਤੀ ਸੰਗੀਤਕਾਰਾਂ ਦੀ ਇਕ ਵਿਸੇਸ਼ ਪਾਰਟੀ ਨਾਲ ੧੯ ਮਈ ੧੯੯੨ ਨੂੰ ਅਮਰੀਕਾ ਅਤੇ ਯੂਰਪ ਦੀ ਯਾਤਰਾ ਨੂੰ ਗਏ ਹਨ । ਮਹਿਕਮਾ ਟੂਰਿਜ਼ਮ ਵਲੋਂ ਆਯੋਜਿਤ ਇਸ ਸਭਿਆਚਾਰਕ ਦੌਰੇ ਵਿਚ ਭਾਰਤ ਦੇ ਪ੍ਰਸਿਧ ਡਾਂਸਰ ਸ੍ਰੀ ਦੁਰਗਾ ਲਾਲ ਅਤੇ ਤਬਲਾ-ਵਾਦਕ ਗੁਲਾਮ ਸਰਵਰ (ਸਪੁਤਰ ਸ੍ਰੀ ਸਾਬਰੀ ਖਾਂ ਸਾਰੰਗੀ ਵਾਦਕ) ਸ਼ਾਮਲ ਹਨ। ਸ੍ਰੀ ਦੁਰਗਾ ਲਾਲ ਦੀ ਤਸਵੀਰ ਏਅਰ ਇੰਡੀਆ ਦੇ ਐਡਵਰ, ਟਾਈਜ਼ਮੈਂਟ ਪੋਸਟਰਾਂ ਵਿਚ ਇਕ ਸੁੰਦਰ ਨਿਰਤਕ ਦੇ ਤੌਰ ਤੇ ਛਪੀ ਹੋਈ ਸਾਰੀ ਦੁਨੀਆਂ ਵਿਚ ਏਅਰ ਇੰਡੀਆ ਦੇ ਦਫਤਰਾਂ ਵਿਚ ਸਜੀ ਹੁੰਦੀ ਹੈ ।

ਗੁਰਦੇਵ ਸਿੰਘ ਪਿਛੇ ਜਿਹੇ ਆਪਣੇ ਉਸਤਾਦ, ਸ੍ਰੀ ਅਮਜਦ ਅਲੀ ਜੀ ਨਾਲ ਪਾਕਿਸਤਾਨ ਗਏ ਸਨ ਪਰ ਇਹ ਉਹਨਾਂ ਦਾ ਵਿਦੇਸ਼ਾਂ ਵਿਚ ਪਹਿਲਾਂ ਸਭਿਆਚਾਰਕ ਦੌਰਾ ਹੈ, ਜਿਸ ਵਿਚ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ । ਇਹ ਦੌਰਾ ਅਮਰੀਕਾ ਦੀ ਇਕ ਯੂਨੀਵਰਸਟੀ ਵਲੋਂ ਸਪਾਂਸਰ ਕੀਤਾ ਗਿਆ ਹੈ । ਦੋ ਢਾਈ ਮਹੀਨੇ ਦੇ ਇਸ ਸੰਗੀਤਕ ਦੌਰੇ ਵਿਚ ਭਾਰਤੀ ਸੰਸਕ੍ਰਿਤੀ ਦੇ ਇਹ ਦੂਤ ਸੀਏਟਨ, ਵਾਸ਼ਿੰਗਟਨ, ਨਿਯੂਯਾਰਕ ਸ਼ਿਕਾਗੋ, ਵੈਨਕੂਵਰ, ਲੰਡਨ ਆਦਿਕ ਥਾਵਾਂ ਤੇ ਵਿਸ਼ੇਸ਼ ਪ੍ਰੋਗਰਾਮ ਪੇਸ਼ ਕਰਨਗੇ ।

ਨਿਰਸੰਦੇਹ ਗੁਰਦੇਵ ਸਿੰਘ ਵਲੋਂ ਬਦੇਸ਼ਾਂ ਦੀ ਇਹ ਯਾਤਰਾ ਉਹਨਾਂ ਦੇ ਅੰਤਰਾਸ਼ਟਰੀ ਸੰਗੀਤਕਾਰਾਂ ਦੇ ਹਾਣ ਪਰਵਾਨ ਹੋਣ ਦੀ ਸੂਚਿਕ ਹੈ । ਇਸ ਨਾਲ ਉਹਨਾਂ ਦੀ ਸੰਗੀਤ ਖੇਤਰ ਵਿਚ ਕੀਤੀ ਮੇਹਨਤ ਅਤੇ ਘਾਲਣਾ ਥਾਂਇ ਪੈਣ ਦੀ ਤਸਲੀ ਅਤੇ ਖੁਸ਼ੀ ਹੁੰਦੀ ਹੈ । ਵਿਦੇਸ਼ਾਂ ਵਿਚ ਭਰਮਨ ਨਾਲ ਮੌਲਿਕ ਅਨੁਭਵ, ਨਵਾਂ ਹੌਸਲਾ ਅਤੇ ਸਵੈਮਾਨ ਪ੍ਰਾਪਤ ਹੋਵੇਗਾ ।

ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸੰਗੀਤ ਪ੍ਰਤੀ ਘਾਲਨਾਵਾਂ ਨੂੰ ਹੋਰ ਫਲ ਲਗਾ ਹੈ । ਉਹਨਾਂ ਦੀ ਆਸ਼ੀਰਵਾਦ ਅਤੇ ਉਸਤਾਦ ਅੰਮਜਦ ਅਲੀ ਦੀ ਪ੍ਰੇਰਣਾ ਮਈ ਸਿਖਿਆ ਦੀਖਿਆ ਨੂੰ ਨਵੇਂ ਫਲ-ਫੁਲ ਲਗੇ ਹਨ । ★



Sri Satguru Jagjit Singh Ji Elibrary NamdhariElibrary@gmail.com

# ਸਾਹਿਤਕਾਰ ਤੇ ਨਸ਼ੇ

—ਪ੍ਰਿੰ: ਸੁਜਾਨ ਸਿੰਘ

ਸਾਡੀ ਹੋਸ਼ ਵਿਚ ਸ਼ਾਇਰੀ ਦਾ 'ਕਿੱਤਾ' ਬੜਾ ਬਦਨਾਮ ਸੀ। ਇਹ ਸ਼ਾਇਰ ਆਮ ਤੌਰ ਤੇ ਪੰਜਾਬੀ ਵਿਚ ਬੈਂਤ ਬਾਜ਼ੀ ਕਰਦੇ ਸਨ। ਇਹਨਾਂ ਵਿਚੋਂ ਬਹੁਤੇ ਬਦਚਲਨ ਹੁੰਦੇ ਸਨ। ਇਹ ਸ਼ਰਾਬਾਂ ਪੀਂਦੇ ਸਨ ਤੇ ਹੋਰ ਕਈ ਤਰ੍ਹਾਂ ਦੇ ਐਬ ਕਰਦੇ ਸਨ। ਜੇ ਕੋਈ ਚੰਗਾ ਭਲਾ ਵਿਅਕਤੀ ਵੀ ਬੈਂਤ ਬਾਜ਼ੀ ਕਰਨ ਲਗਦਾ ਸੀ ਤਾਂ ਲੋਕੀ ਉਸ ਨੂੰ ਲੁੱਚਾ ਸਮਝਦੇ ਸਨ ਤੇ ਆਪਣੇ ਭਾਈਆਂ-ਬੇਟਿਆਂ ਨੂੰ ਉਸ ਦੀ ਸੰਗਤ ਨਹੀਂ ਸਨ ਕਰਨ ਦਿੰਦੇ।

ਭਾਈ ਵੀਰ ਸਿੰਘ, ਲਾਲਾ ਧਨੀ ਰਾਮ, ਕਿਰਪਾ ਸਾਗਰ ਮੀਆਂ ਮੌਲਾ ਬਖਸ਼, ਲਾਲਾ ਗੁਰਾਂ ਦਿੱਤਾ ਖੰਨਾ, ਹੀਰਾ ਸਿੰਘ ਦਰਦ, ਵਿਧਾਤਾ ਸਿੰਘ ਤੀਰ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਆਦਿ ਦੇ ਕਵਿਤਾ ਦੇ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਸ਼ਾਇਰਾਂ ਜਾਂ ਕਵੀਆਂ ਦਾ ਸਨਮਾਨ ਹੋਣ ਲੱਗਾ। ਉਸ ਤੋਂ ਮਗਰੋਂ, ਇਹਨਾਂ ਤੇ ਹੋਰ ਲੇਖਕਾਂ ਨੇ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰ ਕੇ ਸਾਹਿਤਕਾਰਾਂ ਦੀ ਇਜ਼ਤ ਬਣਾਈ ਤੇ ਸਮਾਜ ਵਿਚ ਉਹਨਾਂ ਦਾ ਨਿਸ਼ਚਿਤ ਸਥਾਨ ਕਾਇਮ ਕੀਤਾ।

ਅਜ ਇਹ ਅਵਸਥਾ ਹੈ ਕਿ ਲੇਖਕਾਂ ਦਾ ਥਾਂ ਪਰ ਥਾਂ ਸਨਮਾਨ ਹੋ ਰਿਹਾ ਹੈ ਤੇ ਪੰਜਾਬ ਸਰਕਾਰ ਤੇ ਕੇਂਦਰੀ ਹਕੂਮਤ ਉਹਨਾਂ ਦਾ ਸਨਮਾਨ ਕਰਦੀ ਹੈ, ਇਨਾਮ ਦਿੰਦੀ ਹੈ। ਪੈਨਸ਼ਨਾਂ ਲਾਉਂਦੀ ਹੈ।

ਪਰ ਕੁਝ ਅਰਸੇ ਤੋਂ ਬੈਂਤ ਬਾਜ਼ੀ ਦੇ ਜ਼ਮਾਨੇ ਦੀ ਭੈੜੀ ਹਵਾ ਸਾਹਿਤ ਖੇਤਰ ਵਿਚ ਫੇਰ ਵਗਣੀ ਸ਼ੁਰੂ ਹੋ ਗਈ ਹੈ। ਜੋ ਸਾਹਿਤਕਾਰਾਂ ਨੂੰ ਬਦਨਾਮ ਕਰ ਕੇ ਰਖ ਸਕਦੀ ਹੈ। ਲੇਖਕਾਂ ਵਿਚ ਸ਼ਰਾਬ ਪੀਣ ਤੇ ਖੁਲ੍ਹੇ-ਆਮ ਪੀਣ ਦਾ ਰਵਾਜ ਵਧ ਰਿਹਾ ਹੈ। ਪੀਣ ਦੇ ਨਾਲ ਸਬੰਧਤ ਹੋਰ ਭੈੜੀਆਂ ਆਦਤਾਂ ਵੀ ਲੇਖਕਾਂ ਵਿਚ ਦੇਖੀਆਂ ਜਾ ਰਹੀਆਂ ਹਨ। ਇਹ ਗਲ ਇੱਕੜ-ਦੁੱਕੜ ਲੇਖਕ ਦੀ ਨਹੀਂ। ਨਸ਼ਿਆਂ ਦੀ ਸਾਹਿਤਕਾਰੀ ਵਿਚ ਵਰਤੋਂ ਨੂੰ ਇਉਂ ਜਾਪਦਾ ਹੈ ਜਿਵੇਂ ਇਕ ਲਹਿਰ ਵਾਂਗ ਚਲਾਉਣ ਦਾ ਜਤਨ ਕੀਤਾ ਜਾ ਰਿਹਾ ਹੈ। ਕੁਝ ਲੋਕ ਘਰੀਂ ਜਾਂ ਨਵੇਕਲੇ ਬੈਠ ਕੇ ਵੀ ਨਸ਼ੇ ਸੇਵਨ ਕਰਦੇ ਹੋਣਗੇ। ਗੱਲ ਤਾਂ ਇਹ ਵੀ ਚੰਗੀ ਨਹੀਂ, ਪਰ ਘੱ[illegible] ਘਟ ਇਨ੍ਹਾਂ ਦਾ ਸਾਹਿਤਕਾਰਾਂ ਵਿਚ ਨਸ਼ਿਆਂ ਦੀ ਲਹਿ[illegible] ਅਥਵਾ ਸ਼ਹਿਰ ਚਲਾਉਣ ਵਿਚ ਉਨਾਂ ਹਥ ਨਹੀਂ ਸਮਝਿ[illegible] ਜਾ ਸਕਦਾ।

ਪਿਛੇ ਜਹੇ ਇੰਗਲੈਂਡ ਵਿਚ ਇਕ ਸੰਸਾਰ ਪੱਧਰ [illegible] ਪੰਜਾਬੀ ਸਾਹਿਤ ਕਾਨਫਰੰਸ ਹੋਈ ਸੀ। ਜਿਸ ਵਿਚ ਸ਼ਰਾ[illegible] ਦੇ ਖੁਲ੍ਹੇ-ਦੌਰ ਚਲੇ ਸਨ। ਪੰਜਾਬੀ ਸਾਹਿਤ ਕਾਨਫਰੰ[illegible] ਸ਼ਰਾਬ ਕਾਨਫਰੰਸ ਬਣ ਗਈ ਸੀ। ਮੂਰਖਤਾ ਦੀ ਹੱਦ [illegible] ਇਸ ਕਾਨਫਰੰਸ ਵਿਚ ਵਰਤਾਈਆਂ ਗਈਆਂ ਸ਼ਰਾਬ ਦੀਆ[illegible] ਬੋਤਲਾਂ ਤੇ ਮੋਟੇ ਪੰਜਾਬੀ ਅੱਖਰਾਂ ਵਿਚ ਪੰਜਾਬੀ ਕਾਨਫਰੰ[illegible] ਲਿਖਿਆ ਹੋਇਆ ਸੀ।

ਇਸ ਮਹਿਫਲ ਦੀ ਫੋਟੋ ਲਈ ਗਈ ਅਤੇ ਉਹ [illegible] ਦੇਸ਼ ਤੇ ਪਰਦੇਸ਼ ਦੀਆਂ ਅਖਬਾਰਾਂ ਵਿਚ ਛਪੀ। ਮੈਂ ਇ[illegible] ਮਹਿਫਲ ਵਿਚ ਸ਼ਾਮਿਲ ਨਹੀਂ ਸਾਂ। ਸੋ ਮੈਂ ਸਮਝਿਆ [illegible] ਅਜ ਕਲ ਬਨਾਉਟੀ ਫੋਟੋਆਂ ਲੱਥ ਜਾਂਦੀਆਂ ਹਨ ਤੇ ਕਿ[illegible] ਰੁੱਸੇ ਹੋਏ ਧੜੇ ਨੇ ਇਹ ਬਣਾਉਟੀ ਫੋਟੋ ਤਿਆਰ ਕਰਵਾ ਛਪਵਾ ਦਿਤੀ ਹੋਵੇਗੀ। ਪਰ ਜਦੋਂ ਵਿਚ ਸ਼ਾਮਲ ਲੋਕਾਂ ਇਸ ਫੋਟੋ ਦੇ ਸਹੀ ਹੋਣ ਦੀ ਸਾਖੀ ਭਰੀ ਤਾਂ ਮੇਰਾ ਸਿ[illegible] ਸ਼ਰਮ ਨਾਲ ਨੀਵਾਂ ਹੋ ਗਿਆ। ਕੀ ਪੰਜਾਬੀ ਸਾਹਿਤ ਮੇਜ਼ਬਾਨ ਇਹੋ ਜਹੇ ਬੇਵਕੂਫ ਵੀ ਹੋ ਸਕਦੇ ਹਨ ਇਹ ਕਿਸ ਦੀ ਗਲਤੀ ਸੀ? ਮੇਜ਼ਬਾਨਾਂ ਦੀ ਕਿ ਅਤਿਥੀਆ[illegible] ਦੀ? ਮੇਰੇ ਖਿਆਲ ਵਿਚ ਦੋਹਾਂ ਦੀ।

ਉਸ ਕਾਨਫਰੰਸ ਵਿਚ ਇੰਗਲੈਂਡ ਤੇ ਭਾਰਤ [illegible] ਪੰਜਾਬੀ ਸਾਹਿਤਕਾਰਾਂ ਵਿਚੋਂ ਕੇਵਲ ਸਾਡੇ ਤਿੰਨਾਂ ਆਦਮੀਆ[illegible] ਨੇ ਸ਼ਰਾਬ ਨਹੀਂ ਸੀ ਪੀਤੀ। ਇਕ ਪ੍ਰੋਫੈਸਰ ਕੇਵਲ ਅੱਧ[illegible] ਗਲਾਸ ਬੀਅਰ ਦਾ ਹੀ ਪੀਂਦੇ ਸਨ, ਇਕ ਹੋਰ ਪ੍ਰੋਫੈਸ[illegible] ਸ਼ਾਇਦ ਆਪਣੇ ਦਿਲ ਦੇ ਰੋਗ ਤੋਂ ਡਰਦੇ ਨਹੀਂ ਸਨ ਪੀਂਦੇ ਇਕੋ ਇਕ ਕਾਮਰੇਡ ਸੋਹਨ ਸਿੰਘ ਜੋਸ਼ ਸਨ ਜੋ ਸ਼ਰਾਬ ਉੱਕੀ ਨਹੀਂ ਪੀਦੇ। ਕਦੀ ਕਦਾਈਂ ਪੀਣ ਵਾਲੇ ਨੂੰ, ਅਤੇ ਤੋਲ ਤੇ ਮਿਤ ਵਿਚ ਪੀਣ ਵਾਲੇ ਨੂੰ ਮੈਂ ਬਰਦਾਸ਼ਤ ਕਰ ਕਰ ਲੈਂਦਾ ਹਾਂ। ਸ਼ਾਇਦ ਇਸ ਦਾ ਨਸ਼ਾ ਉਹਨਾਂ ਦੀ ਲੇਖਣੀ ਦੀ ਕੁਝ ਸਹਾਇਤਾ ਕਰਦਾ ਹੋਵੇ। ਪਰ ਮੈਨੂੰ ਇਸ ਗਲ ਤੇ ਸ਼ਕ ਹੈ। "ਨਾਮ ਖੁਮਾਰੀ......ਚੜ੍ਹੀ ਰਹੇ ਦਿਨ ਰਾਤ" ਤੇ "ਭਉ ਮੇਰਾ ਭਾਂਗ ਖਲੜੀ ਮੇਰਾ ਚੀਤ" ਗਾਉਣ



Sri Satguru Jagjit Singh Ji Elibrary NamdhariElibrary@gmail.com

ਵਾਲੇ ਮਹਾਨ ਕਵੀ ਦੀ ਉਡਾਰੀ ਨੂੰ ਕਿਹੜਾ ਪੀਣ ਵਾਲਾ ਕਵੀ ਪਹੁੰਚ ਸਕਿਆ ਹੈ ?

ਕਈ ਦੇਸ਼ਾਂ ਵਿਚ ਐਨੀ ਠੰਡ ਪੈਂਦੀ ਹੈ ਕਿ ਲਹੂ ਜਮ ਜਾਣ ਦਾ ਡਰ ਹੁੰਦਾ ਹੈ । ਉਹਨਾਂ ਲਈ ਸ਼ਰਾਬ ਖੁਰਾਕ ਦਾ ਹਿੱਸਾ ਹੁੰਦੀ ਹੈ । ਉਹਨਾਂ ਦੇਸ਼ਾਂ ਵਿਚ ਲੋਕ ਨਸ਼ਈ ਹੋਣ ਲਈ ਨਹੀਂ ਪੀਂਦੇ । ਪਰ ਉਥੇ ਵੀ ਹਨ ਕਈ ਲੋਕ ਜੋ ਉਕੀ ਨਹੀਂ ਪੀਂਦੇ ।

ਕਈ ਲੋਕ ਕਹਿੰਦੇ ਹਨ ਕਿ ਸ਼ਰਾਬ ਜਾਂ ਹੋਰ ਨਸ਼ੇ ਸਾਹਿਤ ਰਚਨਾ ਦੇ ਪ੍ਰੇਰਕ ਹਨ । ਮੇਰੀ ਜਾਚੇ ਇਹ ਨਸ਼ਿਆਂ ਲਈ ਕਮਜ਼ੋਰੀ ਨੂੰ ਲੁਕਾਉਣ ਦਾ ਇਕ ਢੰਗ ਹੈ। ਇਹੋ ਜਹੀ ਗਲ ਪ੍ਰੋਫੈਸਰ ਮੋਹਨ ਸਿੰਘ ਨੇ ਇਕ ਵਾਰੀ ਸ੍ਰ: ਪਾਲ ਸਿੰਘ ਨਾਲ ਕੀਤੀ ਸੀ । ਪਾਲ ਸਿੰਘ ਨੇ ਕਿਹਾ ਸੀ, "ਮੋਹਨ ਤੂੰ ਆਪ ਲਿਖਦਾ ਹੈਂ । ਸ਼ਰਾਬ ਨਹੀਂ ਲਿਖਾਉਂਦੀ ਤੇਥੋਂ । ਜੇ ਸ਼ਰਾਬ ਲਿਖਾਉਂਦੀ ਹੈ ਤਾਂ ਤੂੰ ਕੀ ਹੋਇਓਂ ? ਲਿਆ ਖਾਂ ਸ਼ਰਾਬ ਦੀ ਬੋਤਲ ਨਾਲ ਕਲਮ ਬੰਨ ਦਈਏ ਤੇ ਉਹ ਕਵਿਤਾ ਲਿਖੇ ." ਇਸ ਗਲ ਤੇ ਕਿੰਤੂ ਕੀਤਾ ਜਾ ਸਕਦਾ ਹੈ, ਪਰ ਇਸ ਗਲ ਵਿਚਲੀ ਸਚਾਈ ਤੇ ਨਹੀਂ ।

ਸਾਡੀਆਂ ਲਿਖਾਰੀਆਂ ਦੀਆਂ ਜਥੇਬੰਦੀਆਂ ਹਨ ਜੋ 'ਕੇਂਦਰੀ ਪੰਜਾਬੀ ਲੇਖਕ ਸਭਾ' ਦੇ ਨਾਲ ਸਬੰਧਤ ਹਨ । ਐਸੀ ਇਕ ਜਥੇਬੰਦੀ ਦੇ ਸਮਾਗਮ ਵਿਚ ਰੋਟੀ ਵੇਲੇ ਚਾਰ ਚਾਰ ਲੇਖਕਾਂ ਦੇ ਵਿਚ ਇਕ ਇਕ ਸ਼ਰਾਬ ਦੀ ਬੋਤਲ ਰੱਖੀ ਗਈ । ਜਦੋਂ ਕਵੀ ਦਰਬਾਰ ਦਾ ਵੇਲਾ ਆਇਆ ਤਾਂ ਕਿਸੇ ਕਵੀ ਦੇ ਮੂਹੋਂ ਸਹੀ ਸ਼ਬਦ ਹੀ ਨਾ ਨਿਕਲੇ । ਕੀ ਇਸ ਤਰ੍ਹਾਂ ਸਾਹਿਤਕਾਰ ਤੇ ਸਾਹਿਤਕ ਸਭਾਵਾਂ ਬਦਨਾਮ ਨਹੀਂ ਹੋ ਰਹੀਆਂ ? ਕੀ ਇਹ ਸਾਹਿਤਕਾਰਾਂ ਦਾ ਸਨਮਾਨ ਵਧਾਉਣ ਵਾਲੇ ਕੰਮ ਹਨ ?

ਇਕ ਸਭਾ ਵਿਚ ਇਨਾਮ ਜੇਤੂਆਂ ਤੋਂ ਇਨਾਮ ਵਾਲੇ ਪੈਸੇ ਉਗਰਾਹ ਕੇ ਸਾਂਝੀ ਸ਼ਰਾਬ ਪੀਤੀ ਗਈ । ਇਸ ਤਰ੍ਹਾਂ ਰਚਨਾਵਾਂ ਦੇ ਮੁਲਾਂਕਣ ਕਣਨ ਵਿਚ ਬੇਇਨਸਾਫੀ ਹੋ ਸਕਦੀ ਹੈ ਤੇ ਅਖੀਰ ਸਭਾ ਤੇ ਕੇਂਦਰ ਬਦਨਾਮ ਹੋ ਸਕਦਾ ਹੈ । ਸਭਾਵਾਂ ਪੰਜਾਬੀ ਸਾਹਿਤ ਦੀ ਰਚਨਾ ਤੇ ਉੱਨਤੀ ਦੇ ਸਾਧਨ ਹਨ । ਸ਼ਰਾਬ ਲਈ ਪੈਸੇ ਇਕੱਠੇ ਕਰ ਕੇ ਨਸ਼ਿਆਂ ਦੀਆਂ ਮਹਿਫਲਾਂ ਲਾਉਣ ਦੀਆਂ ਸਾਧਨ ਨਹੀਂ । ਇਸ ਤਰ੍ਹਾਂ ਇਨਾਮ ਦੇਣ ਦਾ ਮਕਸਦ ਹੀ, ਜੋ ਸਾਹਿਤ ਰਚਨਾ ਕਰਨ ਲਈ ਉਤਸ਼ਾਹ ਦੇਣਾ ਹੈ, ਫੌਤ ਹੋ ਜਾਂਦਾ ਹੈ ।

ਸਾਡੀਆਂ ਵੱਡੀਆਂ ਵੱਡੀਆਂ ਸਾਹਿਤਕ ਸਭਾਵਾਂ ਨੂੰ ਕੁਝ ਐਸੇ ਕਦਮ ਚੁਕਣੇ ਚਾਹੀਦੇ ਹਨ, ਜਿਸ ਨਾਲ ਸਭਾਵਾਂ ਤੇ ਕਾਨਫਰੰਸਾਂ ਵਿਚ, ਇਹ ਗਲਾਂ ਨਾ ਹੋਣ, ਸਾਹਿਤਕਾਰ ਸਮਾਜ ਦੀਆਂ ਨਜ਼ਰਾਂ ਵਿਚੋਂ ਡਿਗਣੋਂ ਬਚ ਜਾਣ ਅਤੇ ਉਹਨਾਂ ਦਾ ਉਹੋ ਜਿਹਾ ਸਤਕਾਰ ਹੋਵੇ ਜਿਸ ਦੇ ਉਹ ਹਕਦਾਰ ਹਨ । ★


With Best compliments from :-

**NAMDHARI BROTHERS**

Prop. S. AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE. P. S. G. ELECTRIC MOTORS. ELECTRICAL APPLIANCES. STAINLESS STEEL PARTS, PRESSURE COOKERS, AND AGRICULTURAL IMPLIMENTS



WITH BEST COMPLIMENTS FROM :

***New Namdhari Cloth House***

WHOLE SALE CLOTH DEALERS

*Main Bazar, DALTONGANJ (Bihar)*





Sri Satguru Jagjit Singh Ji Elibrary NamdhariElibrary@gmail.com

ਪੁਸਤਕ ਪਰੀਚੇ

# ਜੀਣ ਮਰਨ

ਜੀਣ-ਮਰਨ ਪ੍ਰੇਮ ਗੋਰਖੀ ਦਾ ਦੂਸਰਾ ਕਹਾਣੀ ਸੰਗ੍ਰਿਹ ਹੈ। ਮਿੱਟੀ ਰੰਗੇ ਲੋਕ ਰਾਹੀਂ ਉਸਨੇ ਪਛੜੇ ਪੇਂਡੂ ਵਾਤਾਵਰਨ ਦੀ ਜ਼ਿੰਦਗੀ ਅਤੇ ਲੋੜਾਂ/ਥੁੜਾਂ ਵਿਚ ਪਿਸਦੇ ਵਿਅਕਤੀ-ਚਿੱਤਰ ਦੀ ਸੁਚੱਜੀ ਪੇਸ਼ਕਾਰੀ ਦੇ ਚਿਤੇਰੇ ਵਜੋਂ ਆਪਣੇ ਆਪ ਨੂੰ ਸਥਾਪਤ ਕਰ ਲਿਆ ਸੀ। ਉਹਦੀਆਂ ਕਹਾਣੀਆਂ ਦੀ ਇਹ ਮੁਢਲੀ ਸੁਰ ਉਹਦੀ ਕਹਾਣੀ ਕਲਾ ਦੇ ਪਛਾਣ-ਚਿਹਨਾਂ ਵਜੋਂ ਰੂਪਮਾਨ ਹੋਈ—ਇਹ ਪਛਾਣ-ਚਿਹਣ ਪੰਜਾਬੀ ਕਹਾਣੀ ਲੇਖਣ ਦੇ ਸਮੁਚੇ ਪ੍ਰਵਾਹ ਨੂੰ ਉਸ ਮੁਦਰਾ ਵਿਚ ਗ੍ਰਹਿਣ ਕਰਦੇ ਤੇ ਅਗੇ ਤੋਰਦੇ ਸਨ। ਪੰਜਾਬੀ ਕਹਾਣੀ ਦੀ ਪਰੰਪਰਾ ਭਾਵੇਂ ਬਹੁਤੀ ਲੰਮੀ ਨਹੀਂ ਹੈ। ਪਰ ਜਿੰਨੀ ਵੀ ਹੈ ਉਸਦਾ ਮੂਲ ਧੁਰਾ ਇਥੇ ਕੁ ਹੀ ਸੀ—ਜਿਥੋਂ ਕਿ ਸਾਡੇ ਇਸ ਨਵੇਂ ਕਹਾਣੀਕਾਰ ਪ੍ਰੇਮ ਗੋਰਖੀ ਨੇ ਇਸ ਨੂੰ ਪਕੜਿਆ।

ਫੇਰ ਲੰਮੇ ਸਮੇਂ ਤਕ ਗੋਰਖੀ ਇਸੇ ਰਫ਼ਤਾਰ ਇਸੇ ਸੁਰ ਵਿਚ ਕਹਾਣੀਆਂ ਲਿਖਦਾ ਰਿਹਾ .....ਪਰ ਬਕਾਇਦਾ ਕਿਤਾਬੀ ਸ਼ਕਲ ਵਿਚ ਉਹ ਹੁਣ ਹੀ ਦੂਸਰੀ ਵਾਰ ਸਾਹਮਣੇ ਆਇਆ ਹੈ।

ਇਸ ਸਾਹਮਣੇ ਆਉਣ ਵਿਚ ਉਹਦੀਆਂ ਕਹਾਣੀਆਂ ਦੇ ਪਛਾਣ-ਚਿਹਨ ਉਹਦੀ ਪੂਰਵਲੀ ਸੁਰ ਨਾਲੋਂ ਨਿਖੜੇ ਹਨ ਕਿ ਨਹੀਂ ? ਇਹ ਸਵਾਲ ਹੈ ਜਿਹੜਾ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਸੰਗ੍ਰਿਹ ਦੀਆਂ ਸੋਲਾਂ ਕਹਾਣੀਆਂ ਉਹਦੀ ਦਸਾਂ ਸਾਲਾਂ ਦੀ ਘਾਲਣਾ ਹਨ—ਇਨ੍ਹਾਂ ਦਸਾਂ ਸਾਲਾਂ ਵਿਚ ਉਹਦੇ ਅਨੁਭਵਾਂ ਖੇਤਰਾਂ ਵਿਚ ਤਬਦੀਲੀਆਂ ਦਾ ਵੇਰਵਾ ਵੀ ਸ਼ਾਮਲ ਹੈ। ਸਾਰੀਆਂ ਕਹਾਣੀਆਂ ਦੇ ਪਾਠ ਉਪਰੰਤ ਕਹਾਣੀਆਂ ਦੇ ਸੋਲਾਂ ਚਿਹਰੇ ਦੋ ਹਿਸਿਆਂ ਵਿਚ ਵੰਡੇ ਜਾ ਰਹੇ ਹਨ—ਇਕ ਚਿਹਰਾ 'ਮਿੱਟੀ ਰੰਗੇ ਲੋਕਾਂ' ਨਾਲ ਆਪਣੇ ਨਕਸ਼ਾਂ ਦੀ ਸਾਂਝ ਦਰਸਾ ਰਿਹਾ ਹੈ ਅਤੇ ਦੂਸਰਾ ਚਿਹਰਾ 'ਬਿਮਾਰ ਹਵਾ' ਦੇ ਨਕਸ਼ਾਂ ਨਾਲ ਮਿਲਦਾ ਜੁਲਦਾ ਹੈ।

'ਮਿਟੀ ਰੰਗੇ ਲੋਕਾਂ' ਨਾਲ ਮਿਲਦੇ ਜੁਲਦੇ ਚਿਹਰੇ ਵਾਲੀਆਂ ਕਹਾਣੀਆਂ ਵਿਚ ਛੋਟੀਆਂ ਛੋਟੀਆਂ ਕੰਧਾਂ, ਤੀਜੀ ਧਿਰ, ਧੂੰਏ ਤੋਂ ਪਰ੍ਹੇ, ਛੋਟਾ ਪਾਂਧੀ, ਹਾਰ ਤੇ ਤਵਾਰੀਖ ਆਦਿ ਸ਼ਾਮਲ ਹਨ—ਇਹ ਕਹਾਣੀਆਂ ਪੇਂਡੂ ਜੀਵਨ ਦੀਆਂ ਡੂੰਘਾਈਆਂ ਵਿਚ ਸਹਿਜ ਸਹਿਜ ਲੱਥਦੀਆਂ ਹਨ—ਇਨ੍ਹਾਂ ਦੇ ਪਾਤਰ ਰਾਹਾਂ ਦੀ ਧੂੜ ਵਿਚ ਧੂੜ ਹੋਏ ਪਏ ਹਨ—ਕਿਸੇ ਤਵਾਰੀਖ ਦੀ ਜ਼ਿੰਦਗੀ ਲਈ ਤਾਰ ਸਿਹੁੰ ਦੀ ਮੌਤ ਮਰ ਰਹੇ ਹਨ—ਇਨ੍ਹਾਂ ਕਹਾਣੀਆਂ ਦੇ ਚਿਹਰੇ ਦੇ ਨਕਸ਼ ਪੰਜਾਬੀ ਕਹਾਣੀ ਪਰੰਪਰਾ ਦੇ ਚਿਹਰੇ ਦੇ ਨਕਸ਼ਾਂ ਸਮਰੂਪ ਹਨ—ਵਖਰੇ ਪਛਾਣ-ਚਿਹਨਾਂ ਦੀ ਸਥਾਪਨਾ ਇਸ ਚਿਹਰੇ ਤੋਂ ਗੈਰਹਾਜ਼ਰ ਹੈ—ਇਸ ਗੈਰਹਾਜ਼ਰੀ ਨੂੰ ਸੁਚੇਤ ਜਾਂ ਅਚੇਤ ਪੱਧਰ ਤੇ ਹਾਜ਼ਰੀ ਵਿਚ ਬਦਲਣ ਵਲ ਯਤਨਸ਼ੀਲ ਹਨ—'ਬਿਮਾਰ ਹਵਾ' ਦੇ ਨਕਸ਼ਾਂ ਵਾਲੀਆਂ ਕਹਾਣੀਆਂ।—ਇਹ ਭਾਵੇਂ 'ਝੂਠ' ਬੋਲਦੀਆਂ ਹਨ, ਭਾਵੇਂ ਇਨ੍ਹਾਂ ਦੇ ਚਲਣ ਦਾ 'ਦੂਜਾ ਰਾਹ' ਹੈ ਪਰ ਫੇਰ ਵੀ ਇਹ ਇਕ ਟਿਕਟ ਰਾਮਪੁਰਾ ਫੂਲ ਦਾ ਜ਼ਰੂਰ ਖਰੀਦ ਰਹੀਆਂ ਹਨ—ਇਹ ਮਨੱਖੀ ਸਭਿਅਤਾ ਦੇ ਵਿਕਾਸ ਦੀ ਚਰਿਤਰ-ਸੁਚੇਤਤਾ ਦਾ ਨਾਟਕ ਪੇਸ਼ ਕਰਦੀਆਂ ਹੋਈਆਂ ਵੀ ਪੰਜਾਬੀ ਕਹਾਣੀ-ਪਰੰਪਰਾ ਦੇ ਨਵੇਂ ਨਕਸ਼ਾਂ ਦੀ ਸਰਜਰੀ ਆਪਣੇ ਚਿਹਰਿਆਂ ਉਤੇ ਚਿਪਕਾ ਰਹੀਆਂ ਪ੍ਰਤੀਤ ਹੁੰਦੀਆਂ ਹਨ—ਨਾਟਕ ਦਾ ਮਨੋਹਰ 'ਬਿਮਾਰ ਹਵਾ' ਦੀ ਪ੍ਰਭਾ, 'ਪ੍ਰਭ ਜੀ' ਦੀ ਨੀਰਾ ਤੇ ਝੂਠ ਦੀ ਰੂਪਾ...ਨਵੀਂ ਚੇਤਨਾ ਦੇ ਪਾਤਰ ਹਨ। ਇਨ੍ਹਾਂ ਨੂੰ ਨਵੀਂ ਚੇਤਨਾ ਦੀ ਸੂਲੀ ਤੇ ਦੜੂ ਚੜ੍ਹ ਮਰਨਾ ਪੈ ਰਿਹਾ ਹੈ ਕਿਉਂਕਿ ਉਹ ਜਿਉਣਾ ਚਾਹੁੰਦੇ ਹਨ—ਜੀਣ-ਮਰਨ ਦ ਬਿਸ਼ਨਾ—'ਛੋਟੀਆਂ ਛੋਟੀਆਂ ਕੰਧਾਂ' ਤੋਂ ਲੈ ਕੇ 'ਦੂਸਰੇ ਹਥ' ਤਕ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਘੋੜੇ ਤੇ ਸਵਾਰ ਘੁੰਮ ਰਿਹਾ ਦਿਸਦਾ ਹੈ—ਉਹਦੇ ਚਿਹਰੇ ਦੇ ਨਕਸ਼ਾਂ ਦਾ ਕੋਈ ਸਿਰਾ ਇਨ੍ਹਾਂ ਸਾਰੇ ਸਫਿਆਂ ਉਤੇ ਤੈਰ ਰਿਹਾ ਦਿਸਦਾ ਹੈ—ਬਿਸ਼ਨੇ ਦਾ ਸਾਰੇ ਸਫਿਆਂ ਉਤੇ ਤੈਰਨਾ ਇਨ੍ਹਾਂ ਕਹਾਣੀਆਂ ਦੇ ਵਖਰੇ ਪਛਾਣ-ਚਿਹਨਾਂ ਦੀ ਸਮਰਥਾ ਹੈ ਤੇ ਇਹ ਤੈਰਨਾ ਹੀ ਇਨ੍ਹਾਂ ਕਹਾਣੀਆਂ ਨੂੰ ਪੰਜਾਬੀ ਕਹਾਣੀ-ਪਰੰਪਰਾ ਦੇ ਨਕਸ਼ਾਂ ਵਿਚ ਘੁਲਣ-ਮਿਲਣ ਲਈ 'ਬਲ ਬਖਸ਼ਣਾ' ਦੀ ਸੀਮਾ ਵੀ ਪ੍ਰਦਾਨ ਕਰ ਜਾਂਦਾ ਹੈ। ਨਵੀਂ ਚੇਤਨਾ ਦੇ ਨਵੇਂ ਪਾਤਰਾਂ ਦੀ ਇਹ ਪੇਸ਼ਕਾਰੀ ਕਹਾਣੀ-ਕਲਾ ਦੀਆਂ ਦਰਿਆਈ ਘੁੰਮਣਘੇਰੀਆਂ ਵਿਚੋਂ ਕਿਧਰੇ ਕਿਧਰੇ ਸਿਰ ਚੁਕਦੀ ਹੈ। ਉਹ ਘੁੰਮਣਘੇਰੀ ਦੇ ਸਿਰ ਉਤੇ ਸਪਾਲ ਨਹੀਂ ਬੈਠੀ ਸਪਾਲ ਬੈਠਣਾ ਕਹਾਣੀ ਕਲਾ ਦੇ ਨਿਖੜਵੇਂ ਪਛਾਣ-ਚਿਹਨਾਂ ਦਾ ਨਿਖੇੜਾ ਹੈ—ਇਹ ਕਿਧਰੇ ਕਿਧਰੇ ਸਿਰ ਚੁਕਣਾ ਤੇ ਮੁੜ ਕਹਾਣੀ ਪਰੰਪਰਾ ਦੀ ਘੁੰਮਣਘੇਰੀ ਵਿਚ ਤਾਰੀ ਲਾਉਂਦਾ ਹੀ ਇਸ ਕਹਾਣੀਕਾਰ ਨੂੰ ਲੋਕ-ਪ੍ਰਿਯਤਾ ਪ੍ਰਦਾਨ ਕਰ ਰਿਹਾ ਹੈ—ਪੰਜਾਬੀ ਪਾਠਕਾਂ ਦਾ ਸੁਭਾਅ ਇਸੇ ਰਲਗੱਡਤਾ ਦਾ ਸੁਭਾਅ ਹੈ—ਇਹ ਰਲਗਡਤਾ ਗੋਰਖੀ ਦੀ ਸਥਾਪਨਾ ਲਈ ਅਤੇ ਆਗੂ-ਕਹਾਣੀਕਾਰ ਦੀ ਮਾਨਤਾ ਲਈ ਬੜੀ ਕਾਰਗਰ ਸਿੱਧ ਹੋਈ ਹੈ—ਅਤੇ ਇਹ ਰਲਗਡਤਾ ਹੀ ਉਹਦੀ ਲੇਖਣ-ਕਲਾ ਦੇ ਨਿਖੜਵੇਂ ਪਛਾਣ ਚਿਹਨਾਂ ਦੀ ਸਿਰਜਣਾ ਤੋਂ ਉਹਨੂੰ ਹੋੜੀ ਰਖਦੀ ਹੈ। ਅਤੇ ਪੰਜਾਬੀ ਕਹਾਣੀ-ਪਰੰਪਰਾ ਵਿਚ ਉਹਦੇ ਚਿਹਰੇ ਦੇ ਨਕਸ਼ਾਂ ਨੂੰ ਘੋਲੀ-ਮੇਲੀ ਰਖਦੀ ਹੈ।...

ਸੁਖਵੰਤ ਦੇ ਬਣਾਏ ਖੂਬਸੂਰਤ ਚਿਹਰਿਆਂ ਵਾਲੇ ਟਾਈਟਲ ਵਿਚ ਸਜੀ ਵੀਹ ਰੁਪਏ ਦੀ ਇਹ ਪੁਸਤਕ ਦੀਪਕ ਪਬਲਿਸ਼ਰਜ਼ ਜਲੰਧਰ ਨੇ ਬੜੀ ਰੂਹ ਨਾਲ ਛਾਪੀ ਹੈ।

—ਲਖਵਿੰਦਰ ਜੌਹਲ



Sri Satguru Jagjit Singh Ji Elibrary NamdhariElibrary@gmail.com

# ਛੋਟੀਆਂ-ਛੋਟੀਆਂ ਕੰਧਾਂ

—ਪ੍ਰੇਮ ਗੋਰਖੀ

ਮੀਂਹ ਤੀਏ ਦਿਨ ਵੀ ਉਂਜ ਦਾ ਉਂਜ ਵਰ੍ਹ ਰਿਹਾ ਸੀ। ਪਹਿਲਾਂ ਚਾਰ ਦਿਨ ਇਕ ਟੱਕ ਪੈਂਦਾ ਹਟਿਆ ਸੀ, ਰਾਤ ਵੀ ਬੀਤਣ ਨਾ ਦਿੱਤੀ। ਕੱਚੇ ਢਹਿ ਰਹੇ ਸਨ, ਪੱਕਿਆਂ ਦੀਆਂ ਛੱਤਾਂ ਤੁਪਕਣ ਲੱਗ ਪਈਆਂ ਸਨ। ਪਿੰਡ ਦੇ ਦੁਆਲ਼ੇ ਚਾਰੇ ਪਾਸੇ ਜਲੋ-ਜਲ ਹੋਇਆ ਪਿਆ ਸੀ। ਚੜ੍ਹਦੀ ਵਲੋਂ ਬੱਦਲ ਪਾਟਣ ਲੱਗੇ ਤਾਂ ਲੋਕਾਂ ਦੇ ਮੂੰਹਾਂ ਉੱਪਰ ਖੇੜਾ ਪਸਰ ਆਇਆ, ਪਰ ਜਦੋਂ ਉਧਰੋਂ ਹੀ ਘਟਾ ਉੱਠ ਖੜੀ ਹੋਈ ਤਾਂ ਖਿੜੇ ਚਿਹਰੇ ਮੁੜ ਮੁਰਝਾ ਗਏ।

ਘਰ ਦੇ ਪਿਛਵਾੜੀਓਂ ਧੜੱਮ ਕਰ ਕੇ ਕੁਝ ਡਿੱਗਣ ਦੀ ਆਵਾਜ਼ ਆਈ ਤਾਂ ਦਰਾਂ ਕੋਲ ਬੈਠੀ ਮਾਂ ਜੋ ਵਿਚਾਰਾਂ ਵਿਚ ਡੁੱਬੀ, ਬੀਹੀ 'ਚ ਵਗਦੇ ਪਾਣੀ ਨੂੰ ਘੂਰ ਰਹੀ ਸੀ, ਲੇਰ ਮਾਰ ਕੇ ਉੱਠੀ, "ਹੈ ਹਾ ਮੈਂ ਮਰਗੀ।" ਉਹ ਅੰਦਰ ਨੂੰ ਆਈ ਤੇ ਕੋਠੜੀ ਵਿਚ ਖੜ੍ਹ ਕੇ ਤੁਪਕਦੀ ਛੱਤ ਨੂੰ ਘੂਰਨ ਲੱਗੀ। ਛੋਟੀਆਂ ਦੋਨੋਂ ਭੈਣਾਂ "ਹਾਏ ਵੇ ਵੀਰਾ ਮਰ ਗੀਆਂ" ਕਹਿੰਦੀਆਂ ਮੇਰੇ ਵੱਖੀ ਨਾਲ ਆ ਲੱਗੀਆਂ।

"ਓਏ ਕੀ ਆ ਪਿਆ ਬੋਨੂੰ" ਮੰਜੇ 'ਤੇ ਹਿੱਕ ਨਾਲ ਗੋਡੇ ਜੋੜੀ ਬੈਠਾ ਬਾਪੂ ਭੁੱਈ ਲੈ ਕੇ ਕੁੜੀਆਂ ਨੂੰ ਪਿਆ। ਜਿਵੇਂ ਉਹ ਖੁਦ ਵੀ ਡਰ ਗਿਆ ਹੋਵੇ। ਤਦੇ ਧੜੱਮ ਕਰਕੇ ਫਿਰ ਕੁਝ ਡਿੱਗਿਆ ਤੇ ਨਾਲ ਹੀ ਕੋਠੜੀ ਦੇ ਖੂੰਜਿਓਂ ਚਾਨਣ ਦਾ ਇਕ ਟੁਕੜਾ ਹਨ੍ਹੇਰੇ ਦੀ ਤਹਿ ਨੂੰ ਤੋੜ ਗਿਆ। ਹੋਏ ਮਘੋਰੇ ਵੱਲ ਦੇਖ ਕੇ ਸਾਡੇ ਸਾਰਿਆਂ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਇਸੇ ਘੜੀ ਬਾਹਰ ਬੀਹੀ ਵਿਚ ਕਿਸੇ ਨੇ 'ਵਾਜ ਮਾਰੀ, "ਤਾਇਆ......ਬਾਈ ਥੋੜੀ ਕੰਧ ਜਾ ਪੀ......ਬਾਹਰ ਤਾਂ ਨਿਕਲੋ......।"

ਮੈਂ ਆਉਣ ਵਾਲੇ ਨੂੰ 'ਆਉਂਦੇ ਆਂ' ਆਖ ਕੇ ਤੋਰ ਦਿੱਤਾ। ਮਾਂ ਤੇ ਬਾਪ ਆਪਸ ਵਿਚ ਬੋਲਣ ਲੱਗ ਪਏ। ਮਾਂ ਏਸ ਗੱਲੋਂ ਔਖੀ ਸੀ ਕਿ ਅਸੀਂ ਉਹਦੇ ਕਹਿਣ ਤੋਂ ਬਾਅਦ ਵੀ ਟੋਭੇ ਤੋਂ ਮਿੱਟੀ ਲਿਆ ਕੇ ਕੋਠੇ 'ਤੇ ਨਹੀਂ ਸੀ ਪਾਈ ਤੇ ਪਿਛਾੜੀ ਵਾਲੀ ਕੰਧ ਕੱਢਦਿਆਂ ਨੇ ਗੁਆਂਢੀਆਂ ਨਾਲ ਫ਼ਸਾਦ ਖੜਾ ਕਰ ਕੇ ਪੈਸੇ ਖੇਹ ਖਰਾਬ ਕਰ ਦਿੱਤੇ ਸਨ। ਭੈਣਾਂ ਮਾਂ ਨੂੰ ਬੋਲਣੋਂ ਰੋਕ ਰਹੀਆਂ ਸਨ। ਮੇਰੀ ਕੰਬਦੀ ਨਜ਼ਰ ਕਦੇ ਬਾਹਰ ਨੂੰ ਘੂਰ ਰਹੀ ਸੀ, ਕਦੇ ਅੰਦਰ ਨੂੰ। ਮਘੋਰੇ ਵਿੱਚੋਂ ਛਿੱਟਾਂ ਅੰਦਰ ਨੂੰ ਡਿੱਗਣ ਲੱਗੀਆਂ ਸਨ ਤੇ ਪਾਣੀ ਦੀ ਘਰਾਲ ਕੰਧ ਦੇ ਨਾਲ-ਨਾਲ ਅੰਦਰ ਨੂੰ ਵਗ ਆਈ ਸੀ।

ਗੱਲ ਮੇਰੇ ਵਲ ਘੁੰਮ ਕੇ ਆ ਗਈ। ਬਾਪੂ ਆਖ ਰਿਹਾ ਸੀ ਕਿ ਮੈਂ ਉਹਦੇ ਕਹਿਣ ਤੇ ਸੁਸਾਇਟੀ 'ਚੋਂ ਕਰਜ਼ਾ ਕਿਉਂ ਨਹੀਂ ਫੜਿਆ। "ਆਹੋ......ਕਰਜ਼ਾ ਏਕਣ ਈ ਮਿਲ ਜਾਂਦੈ ਤੇਰੇ ਭਾਣੇ। ਉਸ ਕੁੱਤੇ ਸੈਕਟਰੀ ਨੂੰ ਪਹਿਲੇ ਸੌ ਦੀ ਪੂਣੀ ਦਿਓ, ਸਰਪੰਚ ਦੀਆਂ ਬੂੱਤੀਆਂ ਅੱਡ ਕਰੋ। ਕਿਉਂ ਭਲਾ? ਉਹਨੇ ਪੱਲਿਓਂ ਦੇਣੇ ਨੇ?" ਮੈਂ ਚਾਹੁੰਦਾ ਤਾਂ ਨਹੀਂ ਸੀ ਬੋਲਣਾਂ ਪਰ ਹੁਣ ਕਰਦਾ ਵੀ ਕੀ।

"ਉਏ ਪਤੰਦਰਾ ਅੱਗੇ ਨੀ ਬੂੱਤੀਆਂ ਕਰਦੇ......ਸਾਡੀ ਤਾਂ ਉਮਰ ਹੀ ਬੀਤ ਗਈ।"

"ਥੋੜੀ ਬੀਤ ਗਈ ਨਾ......ਆਪਾਂ ਨੀ ਕਰਦੇ।" ਮੈਂ ਔਖੇ ਬੋਲੀਂ ਬੋਲਦਾ ਹੋਇਆ ਦਲਾਨ ਵਿਚ ਇਧਰ ਉਧਰ ਘੁੰਮਣ ਲੱਗ ਪਿਆ। ਮਾਂ ਤੇ ਭੈਣਾਂ ਕੋਠੜੀ ਵਿਚ ਪਏ ਕੁੱਜੇ-ਬੁੱਗੇ ਚੁਕ-ਚੁਕ ਦਲਾਨ੍ਹ ਵਿਚ ਰੱਖ ਰਹੀਆਂ ਸਨ। ਮੇਰੀ ਗੱਲੋਂ ਮਾਂ ਟੁੱਟ ਕੇ ਮੈਨੂੰ ਪਈ, "ਅੱਛਾ ਡਾਹ ਲਾਹ ਹੁਣ ਆਪ ਦੀਆਂ ਟੰਗਾਂ। ਚਾਰ ਪੈਸੇ ਹੁੰਦੇ ਤਾਂ ਇੱਟਾਂ ਦੀ ਰੇਹੜੀ ਲਿਆ ਕੇ ਕੌਲਾ ਕਰ ਦਿੰਦੇ......ਆਹ ਲਟੈਣ ਦਾ ਵੀ ਹੁਣ ਡਰ ਈ ਐ।"

ਤਦੇ ਪਾਣੀ ਨਾਲ ਨੁੱਚੜਦਾ ਛੀਂਟਕਾ ਜਿਹਾ ਇਕ ਮੁੰਡਾ ਸਾਇਕਲ ਧੂੰਹਦਾ ਬੀਹੀ ਵਿਚ ਖੜਾ ਹੀ ਬੋਲਿਆ, "ਓ ਭਾਈ ਓਏ ਮਖਾਂ ਜੋ ਸਿਹੁੰ ਦਾ ਇਹੀ ਘਰ ਐ?" ਬਾਪੂ ਉਠ ਕੇ ਦਰਾਂ ਵਿਚ ਆਇਆ ਤੇ ਮੁੰਡੇ ਨੂੰ ਸਿਆਣਦਾ ਹੋਇਆ ਬੋਲਿਆ, ਆਹੋ ਆ ਜਾ ਬੀ ਜੁਆਨਾ।"

"ਮੈਂ ਠੱਕਰਵਾਲੋਂ ਆਇਐਂ।" ਮੁੰਡੇ ਦੇ ਬੋਲ ਸੁਣ ਮਾਂ ਪਿਛਲੇ ਅੰਦਰੋਂ ਦੌੜੀ ਬਾਹਰ ਆ ਗਈ ਤੇ ਡਰੀ ਹੋਈ ਬੋਲੀ, "ਕਾਕਾ ਸੁੱਖ ਤਾਂ ਐ?"

"ਬੇਬੇ ਕੁੰਦੂ ਥੋੜਾ ਮਰ ਗਿਆ......ਤੁਸੀਂ ਪਿੰਡ ਨੂੰ ਆ ਜੋ।" ਮੁੰਡਾ ਮਸਾਂ ਬੋਲਿਆ ਤੇ ਗੱਲ ਕਰ ਕੇ ਪਰਤ ਗਿਆ।



Sri Satguru Jagjit Singh Ji Elibrary NamdhariElibrary@gmail.com

ਮਾਂ ਦਰਾਂ ਵਿਚ ਖੜੀ ਹੀ ਦੁਹੱਥੜਾਂ ਮਾਰਨ ਲੱਗ ਪਈ। ਭੈਣਾਂ ਉੱਚੀ-ਉੱਚੀ ਰੋਣ ਲੱਗ ਪਈਆਂ। ਦਰਾਂ 'ਚ ਖੜਾ ਬਾਪੂ ਪੈਰੋਂ ਹਿੱਲ ਨਾ ਸਕਿਆ। ਸਾਡੇ ਮੂੰਹ ਅੱਡੇ ਦੇ ਅੱਡੇ ਰਹਿ ਗਏ।

ਬਿਪਤਾ ਤੇ ਬਿਪਤਾ ਆ ਪਈ। ਘਰ ਵਿਚ ਰੋਣ-ਪਿੱਟਣ ਪੈ ਗਿਆ। ਸਾਰਾ ਘਰ ਲੋਕਾਂ ਨਾਲ ਭਰ ਗਿਆ। ਬਾਪੂ ਨੇ ਮੰਜਾ ਖਿੱਚ ਕੇ ਕੰਧ ਨਾਲ ਕਰ ਲਿਆ। ਕੋਠੜੀ ਵਿਚ ਮੁੜ ਖੜਾਕ ਹੋਇਆ ਤਾਂ ਮੈਂ ਅੰਦਰ ਜਾ ਕੇ ਦੇਖਿਆ, ਪਾਣੀ ਦੀ ਖੋਰ ਨਾਲ ਦੋ ਬਾਲੇ ਹੇਠ ਨੂੰ ਖਿਸਕ ਆਏ ਸਨ।

ਮੀਂਹ ਹੋਰ ਤੇਜ ਹੋ ਗਿਆ ਸੀ। ਰਤਾ ਹਵਾ ਚਲਣ ਨਾਲ ਵਾਛੜ ਦਾ ਰੁਖ ਬਦਲ ਗਿਆ ਸੀ। ਮੈਂ ਕੋਠੜੀ ਵਿਚ ਕੰਧ ਲਾਗੇ ਪਏ ਖਾਦ ਦੇ ਬੋਰੇ ਚੁੱਕ ਦਲਾਨ ਵਿਚ ਲਿਆ ਰੱਖੇ। ਫਿਰ ਮੈਂ ਅੰਦਰ ਮੁੜਦਿਆਂ ਦੇਖਿਆ ਕੋਈ ਸਲਵਾੜ ਦੇ ਪੂਲੇ ਨਾਲ ਮਘੋਰੇ ਨੂੰ ਢੱਕ ਰਿਹਾ ਸੀ।

ਮੀਂਹ ਠੱਲਣ ਦਾ ਕੋਈ ਲੱਲ ਨਹੀਂ ਸੀ ਦਿਸਦਾ। ਘਰ ਵਿਚ ਪਏ ਪਿੱਟ-ਪਟਾਕੇ ਨੇ ਮਨ ਹੋਰੂੰ-ਹੋਰੂੰ ਕਰ ਦਿੱਤਾ ਸੀ। ਜਿਹੜੀ ਤ੍ਰੀਮਤ ਵੀ ਦਰੀਂ ਪੈਰ ਧਰਦੀ, ਬੁੱਸ-ਬੁੱਸ ਕਰਦੀ ਰੋਣ ਬਹਿ ਜਾਂਦੀ। ਕਿਲਕਾਂ ਮਾਰ-ਮਾਰ ਰੋਂਦੀਆਂ ਭੈਣਾਂ ਨੇ ਸਭ ਕਾਸੇ ਨੂੰ ਸੁੰਨ ਕਰ ਦਿੱਤਾ ਸੀ। ਮਾਂ ਸਿਰ ਦੀਆਂ ਜਟੂਰੀਆਂ ਪੁੱਟਦੀ, ਹਿੱਕ ਵਿਚ ਦੁਹੱਥੜਾਂ ਮਾਰ ਰਹੀ ਸੀ। ਬਾਪੂ ਤ੍ਰਿਪ-ਤ੍ਰਿਪ ਹੰਝੂ ਕੇਰਦਾ ਉੱਠਿਆ, ਬਾਂਹ ਨਾਲ ਉਹਨੇ ਨੱਕ ਪੂੰਝਿਆ ਤੇ ਜਾ ਕੇ ਦਰਾਂ ਵਿਚਲੀ ਟੂਬਲੀ ਵਿਚ 'ਕੱਠਾ ਹੋਇਆ ਪਾਣੀ ਬਾਹਰ ਨੂੰ ਤਰੌਂਕਣ ਲੱਗ ਪਿਆ।

ਕੁਝ ਚਿਰ ਮਗਰੋਂ ਜਦੋਂ ਮੀਂਹ ਜ਼ਰਾ ਹਲ੍ਹਾ ਹੋਇਆ ਤਾਂ ਰੋਂਦੀ ਮਾਂ ਪੱਟਾਂ 'ਤੇ ਹੱਥ ਮਾਰਦੀ ਘਰੋਂ ਬਾਹਰ ਨਿਕਲੀ। ਉਹ ਬੀਹੀ ਵਿਚ ਕੰਧ ਲਾਗੋਂ ਤਿਲਕਦੀ ਤਿਲਕਦੀ ਬਚੀ। ਬਾਪੂ ਵੀ ਪੰਚਾਂ ਦੇ ਬੁੜ੍ਹੇ ਨੂੰ ਤੇ ਤਿੰਨ ਚਾਰ ਹੋਰਾਂ ਨੂੰ ਨਾਲ ਤੋਰ ਬਾਹਰ ਨੂੰ ਚਲਾ ਗਿਆ ਸੀ। ਛੋਟੀ ਭੈਣ ਵੀ ਬੇਬੇ ਦੇ ਨਾਲ ਤਿਆਰ ਸੀ। ਪੰਜ ਹੋਰ ਬੁੜ੍ਹੀਆਂ ਲੀੜੇ ਪਾ ਆਈਆਂ ਸਨ। ਮੈਂ ਛੱਤ ਤੇ ਕੰਧਾਂ ਨੂੰ ਘੂਰਦਾ ਤੁਰਨ ਹੀ ਲੱਗਾ ਸੀ ਬਾਪੂ ਹੱਥ 'ਚ ਜੁੱਤੀ ਫੜੀ ਤੇ ਧੋਤੀ ਨੂੰ ਸਾਂਭੀ ਮੇਰੇ ਲਾਗੇ ਆ ਖੜਿਆ।

"ਭਾਈ ਕੋਈ ਪੈਸਾ ਧੇਲਾ ਲੈ ਲੀਂ ਕੋਲੇ। ਘਰੇ ਤਾਂ ਕਾਣੀ ਕੌਡੀ ਨੀ ਆਖਦਿਆਂ ਉਹਨੇ ਪੱਗ ਦਾ ਲੜ ਸੁਆਰ ਕੇ ਲਪੇਟਿਆ।

"ਮੈਂ ਕਿੱਥੋਂ ਫੜ ਲਾਂ......ਅੱਗੇ ਥੋੜ੍ਹੇ ਦੇਣੇ ਆਂ... ...? ਪਤਾ ਤਾਂ ਦੇਣ ਵੇਲੇ ਲਗਣੈ।" ਮੈਂ ਸੜਿਆ ਬਲਿਆ ਖਿੱਝ ਕੇ ਬੋਲਿਆ।

"ਉਏ ਸੂਰਮਿਆ ਵੇਲਾ ਤਾਂ ਸਾਰਨਾ ਹੋਇਆ। ਕੋਈ ਵੱਸ ਦੀ ਗੱਲ ਐ ਦੱਸ ਤੂੰ ਇਥੇ ਕੀਹਦਾ ਜ਼ੋਰ ਚਲਦੈ। ਮਾਸਟਰ ਦੇ ਘਰੋਂ ਫੜ ਲਿਆ। ਉਹਦੀ ਬਹੂ ਨੂੰ ਆਖੀਂ ਐਤਕੀਂ ਨਰਮੇ ਤੇ ਕਰਦੇ ਆਂ ਵਾਧ ਘਾਟ......।" ਆਖ ਕੇ ਬਾਪ ਮੁੜ ਗਿਆ।

ਮਾਸਟਰ ਦੇ ਘਰੋਂ ਬੈਠੀ ਚਾਦਰ ਕੱਢ ਰਹੀ ਸੀ। ਰਤਾ ਕੁ ਅਫਸੋਸ ਕਰਦੀ ਤੇ ਅੱਖਾਂ ਪੂੰਝਦੀ ਨੇ ਅੰਦਰੋਂ ਪੈਸੇ ਲਿਆ ਕੇ ਮੇਰੇ ਹੱਥ ਰੱਖੇ, "ਲੈ ਆਹ ਚਾਰ ਵੀਹਾਂ ਤੇ ਪੰਜ ਉੱਤੇ ਨੇ।" ਪੈਸੇ ਹੱਥ 'ਚ ਫੜੇ ਤਾਂ ਮੇਰੇ ਢਹਿੰਦੇ ਮਨ ਨੂੰ ਕੁਝ ਢਾਰਸ ਜਿਹੀ ਮਿਲੀ। ਮੈਂ ਬਾਹਰਲੀ ਫਿਰਨੀ ਆਇਆ ਤਾਂ ਬਾਪੂ ਹੋਰੀਂ ਗਾਰਾ ਗਾਹੁੰਦੇ ਸੜਕ 'ਤੇ ਜਾ ਚੜ੍ਹੇ ਸਨ। ਮੈਂ ਪਿਛਾਂਹ ਪਰਤ ਕੇ ਸੜਕ ਉੱਪਰ ਦੂਰ ਤਾਈਂ ਨਿਗ੍ਹਾ ਮਾਰੀ ਤਾਂ ਦ੍ਰਖਤਾਂ ਦੇ ਘੁੱਪ ਸੰਘਣੇ ਝੁਰਮਟ ਵਿਚੋਂ ਬੱਸ ਆਉਂਦੀ ਦਿਸੀ। ਮੈਂ ਜਿਉਂ ਹੀ ਦੌੜਣ ਲਈ ਪੈਰ ਚੁੱਕਿਆ ਮੀਂਹ ਵੀ ਫਰਾਟੀਂ ਉਤਰ ਆਇਆ।

ਬੱਸ ਸਾਰੀ ਖਾਲੀ ਪਈ ਸੀ, ਮਸਾਂ ਪੰਜ ਸੱਤ ਸਵਾਰੀਆਂ ਬੈਠੀਆਂ ਸਨ। ਬੱਸ ਚੜ੍ਹਦਿਆਂ ਹੀ ਕੰਡਕਟਰ ਅੱਗੋਂ ਉੱਠ ਕੇ ਸਾਡੇ ਕੋਲ ਆ ਗਿਆ ਤੇ ਚਾਰੇ ਕੋਲ ਖੜ੍ਹਦਾ ਪੁੱਛਣ ਲੱਗਾ ਕਿ ਕਿਥੋਂ ਦੀਆਂ ਟਿਕਟਾਂ ਕੱਟਾਂ। ਬਾਪੂ ਨੇ ਹੋਲੇ ਜਿਹੇ ਠੱਕਰਵਾਲ ਆਖ ਕੇ ਮੇਰੇ ਕੰਨੀ ਦੇਖਿਆ ਤੇ ਜਿਵੇਂ ਮਰੀ ਹੋਈ 'ਵਾਜ ਕੱਢੀ, "ਆਹ ਟਿਕਟਾਂ ਕਟਾ ਲੀਂ"

"ਕਿੰਨੇ ਬੰਦੇ ਆਂ?" ਕਹਿੰਦਿਆਂ ਮੈਂ ਸਭ ਦੇ ਚਿਹਰਿਆਂ ਨੂੰ ਘੂਰਿਆ। ਕਿਸੇ ਵੀ ਟਿਕਟ ਆਪ ਲੈਣ ਲਈ ਸੁਲਾਹ ਵੀ ਨਾ ਮਾਰੀ। ਤੇਰਾਂ ਟਿਕਟਾਂ ਕਟਾ ਕੇ ਮੈਂ ਪੈਸੇ ਦੇਣ ਲਗਾ ਤਾਂ ਮੇਰਾ ਮਨ ਹੋਰ ਬੁਝ ਜਿਹਾ ਗਿਆ। ਤਦੇ ਪੰਚਾਂ ਦਾ ਬੁੜ੍ਹਾ ਜ਼ੋਰ ਨਾਲ ਬੋਲਦਾ ਅੱਗੇ ਨੂੰ ਉੱਲਰਿਆ, "ਪੁੱਤ ਆਹ ਲੈ-ਲੈ ਪੈਸੇ, ਮੇਰੀ ਟਿਕਟ ਵੀ ਕਟਾ ਲੀਂ।"

"ਰਹਿਣ ਦੇ ਤਾਇਆ ਲੈ ਲੀਆਂ ਟਿਕਟਾਂ ਤਾਂ।" ਬਾਪੂ ਨੇ ਆਖ ਦਿੱਤਾ।



Sri Satguru Jagjit Singh Ji Elibrary NamdhariElibrary@gmail.com

"ਜੁਆਨ ਤੁਸੀਂ ਕਾਹਨੂੰ ਸਾਰਾ ਭਾਰ ਸਹਿੰਦੇ ਓਂ।" ਇਕ ਨੇ ਜਿਵੇਂ ਉੱਪਰਲੇ ਮਨੋਂ ਹੀ ਇਸ ਭਾਰ ਨੂੰ ਮਹਿਸੂਸ ਕੀਤਾ।

"ਮੇਰੇ ਪਾ ਤਾਂ ਦਸਾਂ ਦਾ ਲੋਟ ਐ, ਟੁਟ ਜੂ ਭਲਾ ?" ਮੇਰੇ ਨਾਲ ਬੈਠੀ ਲੰਮਿਆਂ ਦੀ ਬੁੜ੍ਹੀ ਹੌਲੀ ਜਿਹੀ ਬੋਲੀ ਤੇ ਲੋਈ ਦੀ ਬੁਕਲ ਨੂੰ ਹੋਰ ਘੁਟ ਲਿਆ।

ਸਾਰਿਆਂ ਦੀਆਂ ਗੱਲਾਂ ਸੁਣ ਕੇ ਮੇਰੇ ਅੰਦਰ ਹੋਰ ਉਬਾਲ ਉੱਠ ਖੜੇ। ਮੈਂ ਆਖ ਵੀ ਕੀ ਸਕਦਾ ਸਾਂ। ਬਸ ਦੁਖੀ ਮਨ ਨਾਲ ਸਭ ਵੱਲ ਨਜ਼ਰਾਂ ਘੁਮਾ ਘੁਮਾ ਦੇਖ ਰਿਹਾ ਸਾਂ।

ਮੀਂਹ ਉਵੇਂ ਹੀ ਫਰਾਟਿਆਂ 'ਤੇ ਸੀ। ਸੜਕ ਕਿਤੇ-ਕਿਤੇ ਪਾਣੀ ਨਾਲ ਭਰੀ ਹੋਈ ਸੀ। ਕਈ ਥਾਂਵਾਂ ਤੋਂ ਚਿੱਕੜ ਨਾਲ ਲੱਥ ਪੱਥ ਸੀ। ਤਦੇ ਮੂਹਰਿਓਂ ਉੱਠ ਕੇ ਇਕ ਅੱਧਖੜ ਆਦਮੀ ਸਾਡੇ ਕੋਲ ਆ ਬੈਠਾ ਤੇ ਚਾਚੇ ਨੂੰ 'ਸਾਸਰੀ ਕਾਲ' ਆਖ ਕੇ ਸਭ ਕੁਝ ਬਾਰੇ ਪੁਛਣ ਲੱਗ ਪਿਆ ਤੇ ਫਿਰ ਗੱਲਾਂ ਦਾ ਰੁਖ ਬਦਲਦਾ ਗਿਆ।

"ਕਮਲਿਆ ਲੱਕ ਤੋੜ ਕੇ ਰੱਖ ਦਿੰਦੀ ਆ ਪੁੱਤ ਦੀ ਮੌਤ ਤਾਂ......ਇਕ ਰੱਬ ਵੀ ਕਿਸੇ ਟੈਮ ਦਾ ਬਦਲਾ ਈ ਲੈਂਦੈ। ਕੋਹੜੀ ਦੀ ਉਮਰ ਈ ਕੀ ਤੀ ਅਜੇ......ਪਰਾਰ ਤਾਂ ਖਨੀ ਵਿਆਹ ਹੋਇਐ, ਭੋਰਾ-ਭੋਰਾ ਜੁਆਕ ਨੇ।" ਕੋਈ ਆਖ ਰਿਹਾ ਸੀ।

"ਬਈ ਮੁੰਡਾ ਬੜਾ ਸਾਊ ਤੀ—ਬੜਾ ਕੋਰਾ। ਕੋਈ ਰੀਸ ਤੀ ਕਿਤੇ ਉਹਦੀ, ਜੀ ਤੇ ਵਗੈਰ ਗੱਲ ਨੀ ਤੀ ਕਰਦਾ।" ਬਾਪੂ ਦੇ ਲਾਗੇ ਬੈਠੀ ਚਾਚੀ ਸਵਰਨ ਕੌਰ ਆਖ ਰਹੀ ਸੀ।

ਚਾਚੀ ਦੀ ਗੱਲੋਂ ਮੇਰੀਆਂ ਅੱਖਾਂ ਅੱਗੇ ਉਹ ਘੜੀਆਂ ਆ ਪਸਰੀਆਂ ਜਦੋਂ ਕੁੰਦੂ ਪਿੰਡੋਂ ਲਗਾ-ਤੁਗਾ ਬੰਨ੍ਹ ਕੇ ਤੁਰ ਗਿਆ ਸੀ। ਬਾਪੂ ਨਾਲ ਵੰਡ-ਵੰਡਈਆ ਕਰਦਾ। ਲੜਾਈ ਹੋਈ ਸੀ, ਗੱਲ ਬਹੁਤ ਵਧ ਗਈ ਜੀ, ਜਦੋਂ ਕੁੰਦੂ ਨੇ ਕਹੀ ਬਾਪੂ ਦੀ ਲੱਤ ਉੱਤੇ ਦੇ ਮਾਰੀ ਸੀ। ਪੁਲੀਸ ਤਕ ਵੀ ਗੱਲ ਅੱਪੜੀ ਸੀ ਤੇ ਕੁੰਦੂ ਆਪਣੀ ਹਿਸੇ ਦੀ ਭੋਏਂ ਪਿੰਡ ਦੇ ਇਕ ਆਦਮੀ ਨੂੰ ਠੇਕੇ 'ਤੇ ਦੇ ਆਪਣੇ ਸਾਂਢੂ ਦੇ ਨਾਲ ਠੱਕਰਵਾਲ ਰਹਿਣ ਲੱਗ ਪਿਆ ਸੀ। ਬਾਪੂ ਮੁੜ ਕਦੇ ਕੁੰਦੂ ਦੇ ਮੱਥੇ ਨਹੀਂ ਸੀ ਲੱਗਾ! ਹੁਣ ਮਹੀਨੇ ਭਰ ਤੋਂ ਕੁੰਦੂ ਹਸਪਤਾਲ 'ਚ ਪਿਆ ਰਿਹਾ ਸੀ ਪਰ ਬਾਪੂ ਮੂੰਹ ਦੇਖਣ ਨਹੀਂ ਸੀ ਗਿਆ। ਸਾਰੇ ਪਿੰਡ ਨੇ ਹੀ ਉਦੋਂ ਕੁੰਦੂ ਨੂੰ ਮਾੜਾ ਆਖਿਆ ਸੀ। ਪਰ ਹੁਣ ਗੱਲਾਂ ਦਾ ਰੰਗ ਬਦਲ ਗਿਆ ਸੀ।

ਬੱਸ ਝਟਕੇ ਨਾਲ ਰੁਕੀ। ਠੱਕਰਵਾਲ ਆ ਗਿਆ ਸੀ। ਬਾਹਰ ਮੀਂਹ ਕੋਈ-ਕੋਈ ਕਣੀ ਉੱਤੇ ਉਤਰ ਆਇਆ ਸੀ।

ਵੈਣ ਪਾ-ਪਾ ਤ੍ਰੀਮਤਾਂ ਨੇ ਕੰਧਾਂ ਨੂੰ ਵੀ ਰੋਂਦਿਆਂ ਕਰ ਦਿੱਤਾ ਸੀ। ਤਿੰਨ ਚਾਰ ਵਾਰ ਮਾਂ ਨੂੰ ਦੰਦਲ ਪੈ ਚੁੱਕੀ ਸੀ। ਭੈਣ ਦਾ ਹੱਈ-ਕਲੱਪ ਦੇਖਿਆ ਨਹੀਂ ਸੀ ਜਾਂਦਾ। ਚਾਰ ਖਣ ਦਲਾਨ ਵਿਚਾਲੇ ਕੁੰਦੂ ਦੀ ਲਾਸ਼ ਸ਼ਤੀਰ ਵਾਂਗ ਪਈ ਸੀ।

ਆ ਕੇ ਬੈਠਿਆਂ ਨੂੰ ਅਜੇ ਦੋ ਘੜੀਆਂ ਵੀ ਨਹੀਂ ਸੀ ਹੋਈਆਂ ਕਿ ਕੁੰਦੂ ਦਾ ਸਾਲਾ ਆ ਕੇ ਬਾਪੂ ਦੇ ਲਾਗੇ ਬੈਠਦਾ ਹੌਲੀ ਜਿਹੇ ਬੋਲਿਆ, "ਮਾਸੜਾ ਦਾਗ ਦੇਣ ਬਾਬਤ ਕਿਵੇਂ ਕਰਨੀ ਆਂ......ਮੀਂਹ ਤਾਂ ਬਿੰਦ ਨੀ ਰੁਕਦਾ ਦੀਂਦਾ......ਬਾਲਣ ਵੀ ਕਿਹੜਾ ਮਿਲਣਾ ਇਥੋਂ......।"

ਉਹਦੀ ਗੱਲ ਸੁਣ ਕੇ ਬਾਪੂ ਚੌਂਕਿਆ ਤੇ ਤ੍ਰਭਕਿਆ ਜਿਹਾ ਉਹਦੇ ਵੱਲ ਦੇਖਣ ਲੱਗਾ। ਤਦੇ ਕੋਲ ਬੈਠਾ ਚਾਚਾ ਬੋਲ ਉੱਠਿਆ, "ਦਾਗ ਈ ਦੇਣੇ ਬਈ......ਬਾਲਣ ਨੂੰ ਕੀ ਆ ਬਾਲਣ ਵੀ ਮਿਲ ਜੂ ਤੁਸੀਂ ਉੱਠੋ ਬਈ ਮੁੰਡੇ ਨੂੰ ਨਲ੍ਹਾਈਏ।"

"ਵੇ ਬੀ ਮਾਸੜਾ ਕੋਈ ਰੁਕ ਢੰਗ ਤਾਂ ਦੇਖੀਏ। ਬੰਦੋਬਸਤ ਹੋ ਜੇ ਕੇਰਾਂ।"

"ਜਾਹ ਤੂੰ ਉੱਠ ਕੇ ਬਈ ਬਾਲਣ ਚੜ੍ਹਾ ਲਿਆਓ। ਬਾਹਰਲੀ ਅਲਾਂ ਪ੍ਰੀਤਮ ਮਿਸਤਰੀ ਦੇ ਆਰੇ 'ਤੇ ਬਥੇਰਾ ਬਾਲਣ ਐਂ।" ਕੰਦੂ ਦੇ ਸਾਂਢੂ ਨੇ ਆਖ ਕੇ ਮੇਰੇ ਵੱਲ ਦੇਖਿਆ।

"ਆ ਜਾ ਬਈ ਆਪਾਂ ਚਲਦੇ ਆਂ। ਜੇ ਨਾ ਹਊ ਤਾਂ ਹੋਰ ਕਿਤੇ ਦੇਖਾਂਗੇ।" ਕੁੰਦੂ ਦੇ ਸਾਲੇ ਨੇ ਮੈਨੂੰ ਆਖਿਆ। ਉਸ ਵੇਲੇ ਬਾਪੂ ਵੀ ਬੋਲ ਪਿਆ ਤੇ ਉਹਦੇ ਕਹਿਣ ਤੇ ਮੈਂ ਉੱਠ ਕੇ ਤੁਰ ਪਿਆ।



Sri Satguru Jagjit Singh Ji Elibrary NamdhariElibrary@gmail.com

ਬਾਲਣ ਤੋਲਦਿਆਂ ਕੁੰਦੂ ਦਾ ਸਾਲਾ ਪਤਾ ਨਹੀਂ ਕਿਧਰ ਨੂੰ ਖਿਸਕ ਗਿਆ। ਮੈਂ ਦੱਬੇ ਘੁਟੇ ਨੇ ਚਾਲੀ ਰੁਪਈਏ ਕੱਢ ਕੇ ਦਿੱਤੇ ਤੇ ਗੱਡੇ ਉੱਪਰ ਬਾਲਣ ਲੱਦ ਕੇ ਸਿਵਿਆਂ ਨੂੰ ਤੋਰ ਦਿੱਤਾ।

ਮੀਂਹ ਰਤਾ ਬਿੰਦ ਰੁਕਿਆ ਵੀ ਰਿਹਾ ਪਰ ਜਿਵੇਂ ਹੀ ਨਫ਼ੇਇਆ ਲੈ ਕੇ ਤੁਰੇ ਮੀਂਹ ਤਾਂ ਹਨ੍ਹੇਰੀ ਬਣ ਆਇਆ। ਸਿਵੇ ਪਿੰਡੋਂ ਫਰਕ ਨਾਲ ਸਨ। ਉਥੇ ਤਾਈਂ ਤ੍ਰੀਮਤ ਤੇ ਮਰਦ ਪਾਣੀ ਨਾਲ ਨੁਚੜਦੇ ਤੁਰੇ ਆਏ। ਧੱਮਰਕ ਭਨਣੋਂ ਪਹਿਲੇ ਕੁੰਦੂ ਦੀ ਬਹੂ ਤੇ ਮਾਂ ਨੂੰ ਨਫ਼ੇਏ ਕੋਲ ਸੱਦਿਆ। ਮਾਂ ਨੇ ਦੋਨੋਂ ਹੱਥਾਂ ਵਿਚ ਕੁੰਦੂ ਦਾ ਪੀਲਾ ਭੂਕ ਮੂੰਹ ਫੜ ਕੇ ਪਲੋਸਿਆ ਤੇ ਫਿਰ ਗਸ਼ ਖਾ ਕੇ ਪਿਛਾਂਹ ਡਿੱਗ ਪਈ। ਕੁੰਦੂ ਦੀ ਬਹੂ ਨੇ ਕੁੰਦੂ ਦੇ ਪੈਰੀਂ ਹੱਥ ਲਾ ਕੇ ਮੱਥੇ ਨੂੰ ਛੁਹਾਏ ਤੇ ਮੁੜ ਪਥਲਾ ਮਾਰ ਕੇ ਬਹਿ ਗਈ।

ਰੱਬ ਨੇ ਚੰਗੀ ਸੁਣੀ ਸੀ। ਇਕ ਦਮ ਮੀਂਹ ਵੀ ਠੱਲ੍ਹ ਗਿਆ ਤੇ ਹਵਾ ਵੀ। ਮਿੱਟੀ ਦੇ ਤੇਲ ਦਾ ਪੀਪਾ ਸਾਰਾ ਲੱਕੜਾਂ ਉੱਪਰ ਪਾ ਦਿੱਤਾ ਤੇ ਫਿਰ ਚਿਖਾ ਨੂੰ ਅੱਗ ਦਿੱਤੀ। ਅੱਗ ਮਚੀ ਤਾਂ ਬਾਪੂ ਟਾਹਲੀਆਂ ਦੇ ਝੁੰਡ ਹੇਠ ਬੈਠ ਕੇ ਰੋਣ ਲੱਗ ਪਿਆ।

ਅੱਗ ਮਚੀ ਹੋਈ ਦੇਖ ਅਸੀਂ ਪਰਤ ਪਏ।

ਕੋੜਾ ਵੱਟਾ ਮੂੰਹ ਲਾਉਂਦਿਆਂ ਨੂੰ ਦਿਨ ਡੁਬਣ ਵਾਲਾ ਸੀ। ਮਾਂ ਤੇ ਭੈਣ ਨੇ ਕੁੰਦੂ ਦੀ ਬਹੂ ਤੇ ਜੁਆਕਾਂ ਨੂੰ ਵੀ ਨਾਲ ਹੀ ਤੋਰ ਲਿਆ।

ਇਸੇ ਘੜੀ ਕੁੰਦੂ ਦਾ ਸਾਂਢੂ ਮੇਰੇ ਲਾਗ ਆਇਆ। "ਮਖਾਂ ਵੀਰ ਰੋਣ ਕੁ ਗੱਲ ਐ। ਭਾਈ ਹੁਣ ਘਰ ਦਾ ਭਾਰ ਤੇਰੇ ਜੁੰਮੇ ਈ ਆ, ਜ਼ਰਾ ਕਰੜਾ ਹੋ ਕੇ ਰਹੀਂ। ਡੋਲਣ ਆਲੀ ਕੋਈ ਗੱਲ ਨੀ। ਵਿਚਾਰੀ ਜੀਤ ਕੁਰ......ਉਹਦੀ ਉਮਰ ਈ ਕੀ ਆ.......ਦੋ ਜੁਆਕ ਵਿਚਾਰੇ ਕੰਧੀਂ-ਕੌਲੀਂ ਨਾ ਲੱਗਦੇ ਫਿਰਨ। ਨਾਲੇ ਗੱਲ ਹੋਰ ਆ......ਆਹ ਬਾਣੀਏਂ ਦੇ ਹੱਟੀ 'ਤੇ ਸੌ ਪੰਜਾਹ ਤੀ ਮਖਾਂ......ਦੋਂਹ ਚੌਂਹ ਦਿਨਾਂ ਤਾਈਂ......ਉਂ ਜੀਤ ਕੁਰ ਨੂੰ ਸਭ ਪਤੈ।" ਆਖ ਕੇ ਉਹ ਬਾਹਰ ਨੂੰ ਚਲਾ ਗਿਆ। ਮੈਂ ਉਹਦੀਆਂ ਗੱਲਾਂ ਮੂਹੋਂ ਨਿਕਲਦੀਆਂ ਹੀ ਬੋਚ ਲਈਆਂ ਤੇ ਉਹਨਾਂ ਨੇ ਮੈਨੂੰ ਮਿੱਟੀ ਕਰ ਕੇ ਸੁਟ ਦਿੱਤਾ। ਮੈਂ ਬੁਝਿਆ ਜਿਹਾ ਮੂੰਹ ਲਮਕਾਈ ਚਿੱਕੜ ਤੋਂ ਸਾਂਭ-ਸਾਂਭ ਤੁਰਦਾ ਬਾਹਰਲੀ ਫਿਰਨੀ 'ਤੇ ਆ ਗਿਆ। ਟੋਬੇ ਬਰਾਬਰ ਆ ਕੇ ਮੈਂ ਜੇਬ 'ਚੋਂ ਪੈਸੇ ਕੱਢ ਕੇ ਗਿਣੇ......ਸਤਾਰਾਂ ਰੁਪਈਏ ਬਚਦੇ ਸਨ। ਅਜੇ ਘਰ ਪਹੁੰਚਣਾ ਸੀ। ਸਾਰੇ ਬੰਦੇ ਸੜਕ ਉੱਪਰ ਬੱਸ ਅੱਡੇ ਚਲੇ ਗਏ ਸਨ। ਮੈਂ ਹਾਰਿਆ-ਹਾਰਿਆ ਹੋ ਗਿਆ ਸਾਂ। ਟੋਭੇ ਦੇ ਉੱਪਰ ਦੀ ਹੋ ਕੇ ਮੈਂ ਸੜਕ ਵੱਲ ਨਹੀਂ ਗਿਆ ਸਗੋਂ ਟੋਬੇ ਤੋਂ ਪਰੇ ਟੇਢੀ ਹੋਈ ਟਾਹਲੀ ਉਪਰ ਬੈਠ ਕੇ ਗਿਣਤੀਆਂ-ਮਿਣਤੀਆਂ ਵਿਚ ਪੈ ਗਿਆ।

ਮੈਂ ਮਨ 'ਚ ਸੋਚਿਆ ਕਿਉਂ ਨਾ ਬੱਸ ਲੰਘਾ ਦੇਵਾਂ। ਜਿਹੜੇ ਹੋਰ ਪੰਦਰਾਂ ਖ਼ਰਚਣੇ ਪੈਣੇ ਨੇ ਉਹ ਤਾਂ ਬਚਣ ਅਤੇ ਮੈਂ ਟੋਭੇ ਦੇ ਪਰਲੇ ਕੰਢੇ ਖੜੇ ਡੰਗਰਾਂ ਨੂੰ ਤੇ ਉਹਨਾਂ ਦੇ ਪਾਣੀ 'ਚ ਕੰਬਦੇ ਅਕਸ ਨੂੰ ਇਕ ਟੱਕ ਦੇਖਦਾ ਸੋਚਾਂ 'ਚ ਘਿਰਿਆ ਰਿਹਾ।

ਬਰੀਕ-ਬਰੀਕ ਕਣੀਆਂ ਉਤਰੀਆਂ ਤਾਂ ਮੈਂ ਤ੍ਰਭਕ ਕੇ ਉੱਠ ਬੈਠਾ। ਤਦੇ ਮੇਰੀ ਨਿਗ੍ਹਾ ਸਾਹਮਣੇ ਬੇਰੀਆਂ ਦੀ ਪਾਲ ਤੋਂ ਪਰੇ ਸੜਕ ਉੱਪਰ ਜਾਂਦੀ ਬੱਸ ਉੱਪਰ ਪਈ। ਦੇਖ ਕੇ ਮੈਨੂੰ ਸੌਖਾ ਜਿਹਾ ਸਾਹ ਆਇਆ। ਮੈਂ ਕਾਹਲੀ-ਕਾਹਲੀ ਤੁਰਦਾ ਧਰਮਸ਼ਾਲਾ ਟੱਪ ਆਇਆ। ਨਲਕੇ ਤੋਂ ਰੱਜ ਕੇ ਪਾਣੀ ਪੀਤਾ, ਦੋ ਚੁਲੀਆਂ ਅੱਖਾਂ 'ਤੇ ਮਾਰੀਆਂ, ਦੇਹ ਹਲਕੀ ਫੁਲ ਹੋ ਗਈ ਜਾਪੀ। ਮੈਂ ਸੜਕ ਤਾਈਂ 'ਖੁਲ੍ਹਾ' ਜਿਹਾ ਹੋ ਕੇ ਤੁਰਦਾ ਆਇਆ। ਤਦੇ ਕੁੰਦੂ ਦੇ ਸਾਂਢੂ ਦੀ ਆਖੀ ਗੱਲ ਦਿਮਾਗ 'ਚ ਆ ਵੜੀ ਤਾਂ ਮੈਂ ਲੁੜਕ ਜਿਹਾ ਗਿਆ। ਵੱਡੀ ਕੋਠੀ ਕੋਲੋਂ ਮੈਂ ਸੜਕ 'ਤੇ ਪੈਰ ਧਰਦਿਆਂ ਬੱਸ ਅੱਡੇ ਵੱਲ ਘੂਰ ਕੇ ਦੇਖਿਆ—ਉਥੇ ਕੋਈ ਵੀ ਨਹੀਂ ਸੀ। ਜ਼ਰੂਰੀ ਸੀ ਕਿ ਉਹ ਸਾਰੇ ਬੱਸ ਫੜ ਕੇ ਜਾ ਚੁਕੇ ਸਨ। ਮੈਂ ਪਿੰਡਾ ਛਿਣਕਿਆ, ਹੱਥਾਂ ਨਾਲ ਮੂੰਹ ਰਗੜਿਆ ਤੇ ਸੜਕ ਉੱਪਰ ਦੁਕਾਨ ਵੱਲ ਕਦਮ ਵਧਾਏ ਹੀ ਸਨ ਕਿ ਅਵਾਜ਼ ਸੁਣ ਕੇ ਮੈਂ ਝਰੀਟਿਆ ਹੀ ਗਿਆ, "ਅਸੀਂ ਤੈਨੂੰ ਡੀਕਣ ਡਹੇ ਆਂ। ਕਿੱਥੇ ਨੂੰ ਵਗ ਗਿਆ ਤੀ ?" ਚਾਚਾ ਕੰਧ ਦੀ ਓਟ 'ਚੋਂ ਉੱਠ ਕੇ ਮੇਰੇ ਕੋਲ ਆਉਂਦਾ ਬੋਲਿਆ।

"ਐਵੇਂ ਨੀ ਦਿਲ ਛੱਡੀਦਾ......ਤੂੰ ਤਾਂ ਗਭਰੂ ਆਂ......ਦੇਖ ਤਾਂ ਆਪ ਦੇ ਬਾਪੂ ਕੰਨੀ......ਫਿਰ ਵੀ ਮਹਿ ਜਿੱਡਾ ਜਿਗਰੇ......," ਚਾਚਾ ਮੇਰੇ ਮੋਢੇ ਤੇ ਹੱਥ ਧਰਦਾ ਆਖ ਰਿਹਾ ਸੀ। ਮੇਰੀਆਂ ਲੱਤਾਂ ਝੂਠੀਆਂ ਪੈ ਗਈਆਂ ਸਨ ਤੇ ਮੈਂ ਅੱਧ-ਮੀਟੀਆਂ ਅੱਖਾਂ 'ਚੋਂ ਕੰਧ ਨਾਲ ਬੈਠੇ ਪੂਰੇ ਲਾਣੇ ਨੂੰ ਦੇਖਦਾ ਰਹਿ ਗਿਆ। ●



Sri Satguru Jagjit Singh Ji Elibrary NamdhariElibrary@gmail.com

# ਲੂਣੀ ਨਦੀ

—ਜਸਵੰਤ ਸਿੰਘ ਵਿਰਦੀ

ਲੂਣੀ ਬਾਰੇ ਕੇਵਲ ਸੁਣਿਆ ਹੀ ਸੀ, ਉਹਦੇ ਦਰਸ਼ਨ ਨਹੀਂ ਸਨ ਕੀਤੇ । ਫੇਰ ਜਦੋਂ ਦਰਸ਼ਨ ਕੀਤੇ ਤਾਂ ਇਸ ਤਰ੍ਹਾਂ ਕਿ ਮੁੜ ਕੇ ਵਿਸਰੇ ਹੀ ਨਾ ।

ਮੇਰੀ ਮਿੱਤਰ ਕੁੜੀ ਪ੍ਰਤਿਭਾ ਚਾਲ ਢਾਲ ਤੋਂ ਤਾਂ ਦਿੱਲੀ ਵਾਲੀ ਹੀ ਪ੍ਰਤੀਤ ਹੁੰਦੀ ਸੀ ਪਰ ਜਦੋਂ ਉਹ ਰਾਜਸਥਾਨੀ ਲਹਿਜੇ 'ਚ ਹਿੰਦੀ ਬੋਲਦੀ (ਜਿਸ ਵਿਚ ਪੰਜਾਬੀ ਦੀ ਮੜਕ ਵੀ ਸੀ) ਤਾਂ ਮੈਨੂੰ ਵਿਸ਼ਵਾਸ ਹੋ ਜਾਂਦਾ ਕਿ ਉਹ ਮਾਰੂਥਲ ਚੋਂ ਫੁਟਿਆ ਹੋਇਆ ਸੋਮਾ ਹੀ ਹੈ ।

ਪ੍ਰਤਿਭਾ ਕਵਿਤਾ ਲਿਖਦੀ ਸੀ, ਤੇ ਕਈ ਵਾਰ ਬਹੁਤ ਵਧੀਆ ਵੀ ਲਿਖ ਲੈਂਦੀ ਸੀ । ਪਰ ਮੈਨੂੰ ਤਕਲੀਫ ਇਸ ਗਲ ਦੀ ਸੀ ਕਿ ਉਹ ਆਪਣੇ ਘਰ ਅਤੇ ਆਪਣੀ ਧਰਤੀ ਬਾਰੇ ਨਹੀਂ ਸਗੋਂ ਦਿੱਲੀ ਦੀ ਤੜਕ ਮੜਕ ਭਰੀ ਜ਼ਿੰਦਗੀ ਬਾਰੇ ਲਿਖ ਕੇ ਹੀ ਖੁਸ਼ ਸੀ ।

'ਪ੍ਰਤਿਭਾ ਤੂੰ ਆਪਣੇ ਘਰ ਬਾਰੇ ਲਿਖ ।"

"ਮੇਰੀ ਮਾਂ ਬਚਪਨ ਵਿਚ ਹੀ ਮਰ ਗਈ ਸੀ, ਤੇ ਮੈਨੂੰ ਕਦੀ ਵੀ ਘਰ ਪ੍ਰਾਪਤ ਨਹੀਂ ਹੋਇਆ ।"

"ਫੇਰ ਤੂ ਲੂਣੀ ਨਦੀ ਬਾਰੇ ਲਿਖ ।"

"ਲੂਣੀ ?"

"ਹਾਂ ।"

"ਤੁਹਾਨੂੰ ਲੂਣੀ ਦਾ ਕਿਵੇ ਪਤੈ ?"

"ਮੈਂ ਉਸਨੂੰ ਨਕਸ਼ੇ 'ਚ ਵੇਖਿਆ ।"

"ਮੈਂ ਉਸਨੂੰ ਸੁਪਨਿਆਂ 'ਚ ਵੇਖਦੀ ਹਾਂ ।"

"ਕਿਵੇ ?"

"ਸਾਡਾ ਪਿੰਡ ਲੂਣੀ ਦੇ ਨੇੜੇ ਹੀ ਹੈ । ਬਸ ਜਿਵੇਂ ਕਿ ਚਾਂਦਨੀ ਚੌਕ ਤੋਂ ਜਮਨਾ ਨੇੜੇ ਹੈ ।"



ਲੇਖਕ

"ਪਰ ਤੂੰ ਮੇਰੇ ਨਾਲ ਲੂਣੀ ਦੀ ਕਦੀ ਗੱਲ ਹੀ ਨਹੀਂ ਕੀਤੀ ।"

"ਮੈਨੂੰ ਡਰ ਲਗਦਾ ਸੀ ।"

"ਕਿਉਂ ?"

"ਹੁਣ ਲੋਕ ਆਪਣੇ ਪਿਛੋਕੜ ਦੀਆਂ ਗੱਲਾਂ ਨਹੀਂ ਕਰਦੇ । ਆਪਣੇ ਦਰਿਆਵਾਂ ਪਰਬਤਾਂ ਬਾਰੇ ਨਹੀਂ ਸੋਚਦੇ ।

ਅਤੇ ਉਹ ਉਦਾਸ ਹੋ ਗਈ । ਸ਼ਾਇਦ ਉਸਨੂੰ ਆਪਣੀ ਮਾਂ ਚੇਤੇ ਆ ਗਈ ਹੋਵੇ ।

ਤੂੰ ਕਦੀ ਪਿੰਡ ਗਈ ਤਾਂ ਮੈਨੂੰ ਨਾਲ ਲੈ ਚਲੀਂ । ਮੈਂ ਲੂਣੀ ਨੂੰ ਮਿਲਣਾ ਚਾਹੁੰਨਾ ।"

ਮੈਨੂੰ ਤਾਂ ਸਮੁੱਚਾ ਰਾਜਸਥਾਨ ਹੀ ਇਕ ਦਰਿਆ ਦਾ ਰੂਪ ਪ੍ਰਤੀਤ ਹੁੰਦਾ ਹੈ । ਪਰ ਉਹ ਦਰਿਆ ਪਾਣੀ ਦਾ



Sri Satguru Jagjit Singh Ji Elibrary NamdhariElibrary@gmail.com

ਨਹੀਂ ਸਗੋਂ ਰੇਤ ਦਾ ਹੈ। ਇਸ਼ਕਦੀ ਅਤੇ ਥਿਰਕਤੀ ਰੇਤ, ਜੋ ਕਿ ਸਦੀਆਂ ਤੋਂ ਲੈ ਕੇ ਅਜ ਤਕ ਧਰਤੀ ਦੀ ਹਿੱਕ ਉਪਰ ਇਕ ਵੀਰਾਨ ਮੌਸਮ ਵਾਂਗ ਫੈਲੀ ਹੋਈ ਹੈ।".

"ਪਰ ਉਹ ਫੇਰ ਵੀ ਰਾਜਸਥਾਨ ਨੂੰ ਤਬਾਹ ਨਹੀਂ ਕਰ ਸਕੀ।"

"ਪਤਾ ਨਹੀਂ ਅਸੀਂ ਸੌ ਦੁਖੜੇ ਸਹਿਕੇ ਵੀ ਤਬਾਹ ਕਿਉਂ ਨਹੀਂ ਹੁੰਦੇ।" ਪ੍ਰਤਿਭਾ ਦਾ ਮਨ ਖਾਰੇ ਪਾਣੀ ਦੇ ਰੂਪ 'ਚ ਅੱਖਾਂ ਵਿਚੀਂ ਵਗ ਟੁਰਿਆ, "ਜੀਊਣ 'ਚ ਕੀ ਪਿਆ ਹੋਇਐ ?"

ਪ੍ਰਤਿਭਾ ਨੇ ਮੇਰੇ ਨਾਲ ਵਾਅਦਾ ਕੀਤਾ ਕਿ ਉਹ ਮੈਨੂੰ ਲੂਣੀਕੋਲ ਜ਼ਰੂਰ ਲਿਜਾਵੇਗੀ।

ਰਾਜਸਥਾਨ ਦੇ ਪਛਮੀ ਖੇਤਰ ਵਲ ਜਦੋਂ ਅਸੀਂ ਲੂਣੀ ਦੇ ਪਾਣੀਆਂ ਵਲ ਜਾ ਰਹੇ ਸਾਂ, ਤਾਂ ਸਾਡੇ ਰਾਹਵਾਂ 'ਚ ਰੇਤ ਦਾ ਤੂਫਾਨ ਝੁਲਿਆ ਹੋਇਆ ਸੀ।

"ਤੁਸਾਂ ਪੰਜਾਬੀਆਂ ਨੇ ਤਾਂ ਕਦੀ ਇਸ ਤਰ੍ਹਾਂ ਦਾ ਮੌਸਮ ਤਕਿਆ ਵੀ ਨਹੀਂ ਹੋਵੇਗਾ।"

"ਚੇਤਾ ਨਹੀਂ।"

"ਤੁਹਾਨੂੰ ਤਾਂ ਇਹ ਵੀ ਅਹਿਸਾਸ ਨਹੀਂ ਕਿ ਸਾਨੂੰ ਪਾਣੀ ਦੀ ਕਿੰਨੀ ਸ਼ਿੱਦਤ ਨਾਲ ਲੋੜ ਹੈ।"

"ਹੁਣ ਕੀ ਕਹਾਂ।"

"ਕੀ ਰਾਜਨੀਤੀਏ ਲੋਕਾਂ ਦੀਆਂ ਲੋੜਾਂ ਖਾਤਿਰ ਵੀ ਸਾਜ਼ਿਸ਼ਾਂ ਕਰਦੇ ਰਹਿਣਗੇ ?"

"ਹਾਂ" ਮੈਂ ਕਿਹਾ—"ਜਦੋਂ ਤਕ ਲੋਕ ਉਨ੍ਹਾਂ ਨੂੰ ਨਹੀਂ ਸਮਝਣਗੇ।".

"ਰੇਤੀਲੇ ਅਤੇ ਝੱਖੜ ਝੇੜਿਆਂ ਵਾਲੇ ਖੇਤਰ ਵਿਚ ਮਨੁਖ ਲਈ ਜੀਊਣਾ ਔਖਾ ਹੋ ਜਾਂਦਾ ਹੈ, ਪਰ ਦਰਿਆ ਕਿਵੇਂ ਜੀਊਂਦੇ ਨੇ ?'

"ਸ਼ਾਇਦ ਇਨ੍ਹਾਂ ਦੀ ਪਿਛਲੇ ਜਨਮਾ ਦੀ ਕੋਈ ਤੱਪਸਿਆ ਹੋਵੇਗੀ। ਹੋਰ ਕੀ ਕਹੀਏ।"

ਬੜਾ ਚਿਰ ਪਹਿਲਾਂ ਮੈਂ ਆਪਣੇ ਦੋਸਤ ਗਫੂਰ ਨਾਲ ਰੋਜ਼ਾ ਸ਼ਰੀਫ ਵਿਚ ਹਜ਼ਰਤ ਦਾ ਉਰਸ ਵੇਖਣ ਲਈ ਅਜਮੇਰ ਗਿਆ ਸਾਂ। ਮੈਨੂੰ ਤਾਂ ਉਸ ਵੇਲੇ ਇਸ ਤਰ੍ਹਾਂ ਮਹਿਸੂਸ ਹੋਇਆ ਸੀ ਕਿ ਜਿਵੇਂ ਕਿ ਅਜਮੇਰ ਦੀ ਧਰਤੀ ਉਪਰ ਖੂਬਸੂਰਤ ਅਤੇ ਬਹੁਰੰਗੇ ਹਸਦੇ ਮਚਲਦੇ ਚਿਹਰਿਆਂ ਦਾ ਰੰਗੀਨ ਦਰਿਆ ਵਗ ਰਿਹਾ ਹੋਵੇ।

ਪਰ ਪ੍ਰਤਿਭਾ ਦੇ ਪਿੰਡ ਵਿਚ ਤਾਂ ਬੜੀ ਵੀਰਾਨੀ ਸੀ। ਕਹਿੰਦੇ ਨੇ ਕਿ ਰਣ ਕਛ ਦੇ ਖੇਤਰ ਵਿਚ ਕਦੀ ਜਲਥਲ ਹੁੰਦੀ ਸੀ ਪਰ ਹੁਣ ਤਾਂ ਅਸੀਂ ਵੇਖਦੇ ਹਾਂ ਕਿ ਉਧਰੋਂ ਜਦੋਂ ਵੀ ਤੂਫਾਨੀ ਹਵਾ ਝੁਲਦੀ ਹੈ ਤਾਂ ਵਰਖਾ ਦੀਆਂ ਕਣੀਆਂ ਨਹੀਂ, ਰੇਤ ਦੇ ਕਿਣਕੇ ਹੀ ਨਾਲ ਲੈਕੇ ਆਉਂਦੀ ਹੈ।

ਅਤੇ ਇਹ ਖੇਡ ਸਦੀਆਂ ਤੋਂ ਜਾਰੀ ਹੈ। ਰੇਤ ਦੇ ਤੂਫਾਨ ਨਾਲ ਜਦੋਂ ਪਹਾੜਾਂ ਦੇ ਪਹਾੜ ਉਸਰ ਜਾਂਦੇ ਨੇ ਤਾਂ ਮਹਿਸੂਸ ਹੁੰਦਾ ਹੈ ਕਿ ਅਸੀਂ ਭਾਰਤ ਭੂਮੀ ਵਿਚ ਨਹੀਂ, ਸਗੋਂ ਅਰਬ ਦੇ ਰੇਤੀਲੇ ਖੇਤਰ ਵਿਚ ਰਹਿ ਰਹੇ ਹਾਂ।

ਅਰਬਾਂ ਨੇ ਤਾਂ ਆਪਣੀ ਧਰਤੀ ਦੀ ਕਿਸਮਤ ਬਦਲ ਲਈ ਹੈ, ਪਤਾ ਨਹੀਂ ਸਾਨੂੰ ਕਦੋਂ ਹੋਸ਼ ਆਏਗੀ ?

"ਮਨੁਖ ਪਾਣੀ ਦੀ ਪ੍ਰਾਪਤੀ ਦੇ ਬਗੈਰ ਜੀਊਂ ਨਹੀਂ ਸਕਦਾ।" ਮੇਰੀ ਰਾਜਿਸਥਾਨੀ ਮਿੱਤਰ ਪ੍ਰਤਿਭਾ ਨੇ ਕਿਹਾ, ਪਰ ਜਦੋਂ ਮੀਲਾਂ ਤਕ ਪਾਣੀ ਹੀ ਨਾ ਮਿਲੇ ?"

"ਤਦੇ ਹੀ ਪ੍ਰਤਿਭਾ ਦਿੱਲੀ 'ਚ ਰਹਿੰਦੀ ਹੈ ?" ਮੈਂ ਉਸ ਨੂੰ ਛੇੜਿਆ।

"ਪ੍ਰਤਿਭਾ ਇਨ੍ਹਾਂ ਰੇਤਲੇ ਜੰਗਲਾਂ 'ਚ ਕਿਵੇਂ ਰਹਿ ਸਕਦੀ ਹੈ ?" ਉਹਨੇਂ ਕਿਹਾ, ਤੇ ਮੂੰਹ ਦੂਸਰੇ ਪਾਸੇ ਕਰ ਲਿਆ। ਪਤਾ ਨਹੀਂ ਉਹ ਕਿਸ ਤੇ ਵਿਅੰਗ ਕਰ ਰਹੀ ਸੀ।

ਉਸ ਵੇਲੇ ਮਨ ਵਿਚ ਮੈਂ ਗਲ ਜ਼ਰੂਰ ਸੋਚ ਰਿਹਾ ਸਾਂ ਕਿ ਰਾਜਸਥਾਨੀ ਕੁੜੀਆਂ ਵੀ ਸਾਡੀਆਂ ਹੋਰ ਕੁੜੀਆਂ ਵਾਂਗ ਹੀ ਅਨੁਭੂਤੀਸ਼ੀਲ ਹੁੰਦੀਆਂ ਨੇ।

"ਇਸ ਖੇਤਰ ਵਿਚ ਜੇਕਰ ਕਿਤੇ ਪਾਣੀ ਹੈ ਤਾਂ ਉਹ ਲੂਣੀ ਵਿਚ ਹੀ ਹੈ।"

"ਤਾਂ ਕੀ ਧਰਤੀ ਥੱਲੇ ਵੀ ਪਾਣੀ ਨਹੀਂ ?"

"ਹੈ ਵੇ। ਪਰ ਕਈ ਵਾਰ ਸੌ ਡੇਢ ਸੌ ਮੀਟਰ ਤੋਂ ਵੀ ਥਲੇ, ਹੋਰ ਥੱਲੇ ਹੁੰਦਾ ਹੈ।"



Sri Satguru Jagjit Singh Ji Elibrary NamdhariElibrary@gmail.com

"ਤਾਂ ਇਹ ਗੱਲ ਹੈ ?"

"ਹਾਂ, ਉਹਨੂੰ ਧਰਤੀ ਉਪਰ ਲਿਆਉਣ ਲਈ ਵੀ ਤਾਂ ਖੂਨ ਪਸੀਨਾ ਇਕ ਕਰਨਾ ਪੈਂਦਾ ਏ।"

"ਸਾਡੇ ਪੰਜਾਬ ਵਿਚ ਤਾਂ ਪਾਣੀ ਦੀ ਕੋਈ ਘਾਟ ਨਹੀਂ।"

"ਫੇਰ ਵਾਧੂ ਪਾਣੀ ਸਾਨੂੰ ਕਿਉਂ ਨਹੀਂ ਦੇ ਦਿੰਦੇ।" ਮੈਂ ਚੁਪ ਰਿਹਾ।

"ਹੋਰ ਨਹੀਂ ਤਾਂ ਸਾਨੂੰ ਹੀ ਉਥੇ ਲੈ ਚਲੋ।"

ਉਹਦੀ ਗੱਲ ਵਿਚ ਤਲਖੀ ਸੀ, ਪਰ ਕੁੜਿਤਣ ਨਹੀਂ। ਮੇਰੇ ਪ੍ਰਤੀ ਤਾਂ ਬਿਲਕੁਲ ਨਹੀਂ।

ਮੈਂ ਉਸ ਨੂੰ ਫੇਰ ਲੂਣੀ ਕੋਲ ਲੈ ਆਇਆ।

ਪ੍ਰਤਿਭਾ ਨੇ ਮੈਨੂੰ ਦਸਿਆ ਕਿ ਲੂਣੀ ਦਾ ਸੋਮਾ ਅਜਮੇਰ ਦੇ ਆਂਚਲ ਵਿਚੋਂ ਅਨਾ ਸਾਗਰ ਵਿਚੋਂ ਫੁਟਦਾ ਹੈ। ਅਤੇ ਜਨਮ ਮਗਰੋਂ ਲੂਣੀ ਦਾ ਪਾਣੀ ਦਖਣ ਪਰਮ ਵਲ ਨੂੰ ਚਲ ਪੈਂਦਾ ਹੈ। ਅਰਾਵਲੀ ਪਰਬਤ ਦੇ ਪਛਮੀ ਪਾਸੇ ਵਲ ਨੂੰ ਇਹ ਜੋਧਪੁਰ, ਬਾੜਮੇਰ ਅਤੇ ਜਾਲੋਰ ਜਿਲਿਆਂ ਵਿਚੋਂ ਖੌਝੜਦਾ ਹੋਇਆ ਤਕਰੀਬਨ ੨੨ ਕਿ. ਮੀ. ਤਕ ਚਲਕੇ ਇਸ ਤਰ੍ਹਾਂ ਲਗਦਾ ਹੈ, ਜਿਵੇਂ ਕਿ ਹੰਭ ਗਿਆ ਹੋਵੇ।

"ਇਸ ਦੇ ਪਾਣੀ ਸਮੁੰਦਰ ਤਕ ਪੁੱਜਦੇ ਨੇ ਕਿ ਨਹੀਂ ?"

"ਪਤਾ ਨਹੀਂ।"

"ਮੇਰਾ ਖਿਆਲ ਹੈ ਕਿ ਪੁਜਦੇ ਨੇ।"

"ਹੋ ਸਕਦੇ।"

"ਮੈਂ ਠੀਕ ਕਹਿੰਦਾ ਹਾਂ।"

"ਮੈਂ ਮੰਨਦੀ ਹਾਂ।"

ਆਪਣੇ ਸਰੋਤ ਕੋਲ ਲੂਣੀ ਖੇਤਰ ਘਟੋ ਘਟ ੩੦ ਮੁੱਰਬਾ ਕਿ. ਮੀ. ਫੈਲਿਆ ਹੋਇਆ ਹੈ ਪਰ ਤਲੋਦ ਰੋਡ ਤਕ ਇਸਦਾ ਹੋਰ ਵਿਸਥਾਰ ਹੁੰਦਾ ਹੈ।

ਪਹਿਲਾਂ ਲੋਕ ਇਸ ਨੂੰ ਸਾਗਰਮਤੀ ਕਹਿੰਦੇ ਨੇ, ਪਰ ਗੋਬਿੰਦਗੜ ਤੋਂ ਅਗੇ ਵਧ ਕੇ ਜਦੋਂ ਸਰਸੁਤੀ ਨਾਂ ਦੀ ਨਦੀ ਇਸ ਵਿਚ ਸ਼ਾਮਿਲ ਹੋ ਜਾਂਦੀ ਹੈ ਤਾਂ ਇਹ ਲੂਣੀ ਬਣ ਜਾਂਦੀ ਹੈ।

ਸਰਸੁਤੀ ਦਾ ਸੋਮਾ ਪੁਸ਼ਕਰ ਝੀਲ ਵਿਚੋਂ ਫੁੱਟਦਾ ਹੈ। ਪੁਸ਼ਕਰ ਦੇ ਪਾਣੀਆਂ ਦੀ ਪਵਿਤਰਤਾ ਸਰਸੁਤੀ ਰਾਹੀਂ ਲੂਣੀ ਵਿਚ ਹੀ ਰਚ ਮਿਚ ਜਾਂਦੀ ਹੈ ਪਰ ਰੇਤ ਦੇ ਤੂਫਾਨ ਇਸ ਵਿਚ ਮਿਠਾਸ ਨਹੀਂ ਰਹਿਣ ਦਿੰਦੇ।

ਇਥੇ ਪਾਣੀ ਰਹੇਗਾ ਕਿ ਰੇਤ ?...ਸਦੀਆਂ ਤੋਂ ਇਹੋ ਹੀ ਸੰਘਰਸ਼ ਚਲ ਰਿਹਾ ਹੈ।

"ਲੂਣੀ ਦੀਆਂ ਸਹਾਇਕ ਨਦੀਆਂ ਵੀ ਤਾਂ ਹੋਣਗੀਆਂ ?"

"ਹਾਂ, ਤੇ ਸ਼ਾਇਦ ਉਨਾਂ ਦੇ ਆਸਰੇ ਨਾਲ ਹੀ ਇਹ ਜੀਵਿਤ ਹੈ।"

"ਪਰ ਮੈਨੂੰ ਤਾਂ ਏਨਾ ਹੀ ਪਤਾ ਹੈ ਕਿ ਲੂਣੀ ਦਾ ਆਪਣਾ ਪਾਣੀ ਬੜਾ ਮਿੱਠਾ ਹੈ।"

"ਹਾਂ।"

"ਫੇਰ ਇਹ ਲੂਣੀ ਕਿਵੇਂ ਹੋ ਗਈ ?"

"ਸਹਾਇਕ ਨਦੀਆਂ ਦੇ ਪ੍ਰਭਾਵ ਨਾਲ।"

ਕੀ ਹੁਣ ਵੀ ਇਹ ਗੱਲ ਸਾਬਤ ਨਹੀਂ ਹੁੰਦੀ ਕਿ ਬੰਦੇ ਦੀ ਸੰਗਤ ਉਸਦੇ ਆਚਾਰ—ਵਿਚਾਰ ਅਤੇ ਖਸਲਤ ਨੂੰ ਕਿਵੇਂ ਬਦਲ ਕੇ ਰਖ ਦਿੰਦੀ ਹੈ।

ਸੰਗਤ ਸਾਹਮਣੇ ਹਰੇਕ ਬੰਦਾ ਤੁੱਛ ਹੈ, ਭਾਵੇਂ ਕਿ ਉਹ ਕੋਈ ਵੀ ਹੋਵੇ।

ਮੇਰਾ ਜੀ ਕੀਤਾ ਕਿ ਮੈਂ ਲੂਣੀ ਨੂੰ ਕਹਾਂ—"ਤੂੰ ਆਪਣਾ ਸੁਭਾ ਨਾ ਬਦਲ ਭਾਵੇਂ ਤੈਨੂੰ ਆਪਣੀਆਂ ਸਹਾਇਕ ਨਦੀਆਂ ਦੀ ਸੰਗਤ ਹੀ ਕਿਉਂ ਨਾ ਛਡਣੀ ਪਵੇ :"

"ਫੇਰ ਮੈਂ ਇਸ ਰੇਗਿਸਤਾਨ ਵਿਚ ਕਿਵੇਂ ਜੀਵਾਂਗੀ" ਮੈਨੂੰ ਲਗਾ ਜਿਵੇਂ ਕਿ ਲੂਣੀ ਦੀ ਪਤਲੀ ਜਿਹੀ ਪਾਣੀ ਦੀ ਧਾਰ ਮੈਨੂੰ ਕਹਿ ਰਹੀ ਹੋਵੇ। ਸੁੰਨ-ਵਾਦੀਆਂ ਵਿਚ ਵਿਚਰਣ ਲਈ ਮਿੱਤਰਾਂ ਦੀ ਸੰਗਤ ਬੜੀ ਜਰੂਰੀ ਹੈ। ਉਸ ਵੇਲੇ ਮੈਨੂੰ ਅਹਿਸਾਸ ਹੋਇਆ ਕਿ ਜੇਕਰ ਮੈਂ ਚੋਰ ਹਾਂ



Sri Satguru Jagjit Singh Ji Elibrary NamdhariElibrary@gmail.com

ਪਾਉਂਦਾ ਤਾਂ ਪ੍ਰਤਿਭਾ ਇਥੇ ਕਦੀ ਨਾ ਆਉਂਦੀ। ਉਸ ਦਾ ਭਰਾ ਖੇਤੀ ਕਰਦਾ ਸੀ ਤੇ ਤੇਜ ਧੁੱਪ ਦੇ ਅਸਰ ਨਾਲ ਸਾਂਵਲਾ ਹੋ ਗਿਆ ਸੀ। ਪ੍ਰਤਿਭਾ ਦਾ ਚਿਹਰਾ ਨਿਖਰਿਆ ਹੋਇਆ ਸੀ ਪਰ ਦਿਲੀ ਦੀ ਹਲਚਲ ਨੇ ਉਸ ਵਿਚ ਪਿਲੱਤਣ ਲੈ ਆਂਦੀ ਸੀ।

ਪ੍ਰਤਿਭਾ ਨੇ ਮੇਰੇ ਕੰਨ 'ਚ ਕਿਹਾ। "ਲੂਣੀ ਹਿਮਾਲਾ ਦੇ ਬਰਫੀਲੇ ਖੇਤਰ ਚੋਂ ਤਾਂ ਟੁਰਦੀ ਨਹੀਂ ਜਿਸ ਕਰਕੇ ਇਹਦੀ ਰਫਤਾਰ ਨੂੰ ਵਰ੍ਹੇ ਭਰ ਲਈ ਪਾਣੀ ਮਿਲਦਾ ਰਵੇ। ਹਕੀਕਤ ਵਿਚ ਇਹ ਇਕ ਬਰਸਾਤੀ ਨਦੀ ਹੈ।"

"ਪਰ ਇਸ ਦਾ ਜਨਮ ਤਾਂ ਝੀਲ ਵਿਚੋਂ ਹੁੰਦਾ ਹੈ।"

"ਹਾਂ, ਪਰ ਵਰਖਾ ਦੇ ਮੌਸਮ ਵਿਚ ਵੀ ਰੇਤ ਦੇ ਤੂਫਾਨ ਇਹਦੇ ਰਾਹਵਾਂ ਨੂੰ ਇਸ ਤਰ੍ਹਾਂ ਰੋਕ ਦਿੰਦੇ ਨੇ ਜਿਵੇਂ ਕਿ ਬਰਫੀਲੇ ਤੋਦੇ, ਕਹਿੰਦੇ ਨੇ, ਸਿੰਧ ਦੇ ਰਾਹ 'ਚ ਖਲੋ ਜਾਂਦੇ ਨੇ।"

"ਪਰ ਸਿੰਧ ਤਾਂ ਉਨ੍ਹਾਂ ਦੀ ਕੋਈ ਵੀ ਪਰਵਾਹ ਨਹੀਂ ਕਰਦਾ।"

"ਸਿੰਧ ਤੇ ਲੂਣੀ 'ਚ ਇਹੋ ਹੀ ਵੱਡਾ ਅੰਤਰ ਹੈ।"

ਮੈਨੂੰ ਉਸ ਵੇਲੇ ਵੀ ਚੇਤੇ ਆਇਆ ਜਦੋਂ ਕਿ ਲੂਣੀ ਦੇ ਪਾਣੀ ਬਰਸਾਤੀ ਦਿਨਾਂ ਵਿਚ ਸਮੂਚੀ ਧਰਤੀ ਤੇ ਖਿੰਡ ਜਾਂਦੇ ਨੇ। ਕਹਿ ਤਾਂ ਉਸ ਦੀ ਇਹ ਹਾਲਤ ਕਿ ਉਹਦੇ ਪਾਤ ਵਿਚ ਪਾਣੀ ਨਹੀਂ ਹੁੰਦਾ, ਤੇ ਕਹਿ ਉਹ ਸਭ ਹੱਦਾਂ-ਬੰਨੇ ਤੋੜ ਕੇ ਫਸਲਾਂ ਦਾ ਵੀ ਨਾਸ ਕਰ ਜਾਂਦੀ ਹੈ।

"ਇਸ ਕਰਕੇ ਹੀ ਕਹਿੰਦੇ ਨੇ ਕਿ ਛੋਟੇ ਬੰਦੇ 'ਚ ਬਹੁਤੀ ਸਮਰਥਾ ਨਹੀਂ ਆ ਸਕਦੀ।" ਮੈਂ ਇਹ ਗਲ ਕਹੀ ਤਾਂ ਪ੍ਰਤਿਭਾ ਪਰੇਸ਼ਾਨ ਹੋ ਗਈ, ਜਿਵੇਂ ਕਿ ਮੈਂ ਉਸ ਨੂੰ ਹੀ ਕੋਈ ਭੈੜੀ ਗਲ ਕਹਿ ਦਿਤੀ ਹੋਵੇ। ਪਰ ਫੇਰ ਉਹ ਝਟ ਹੀ ਸੰਭਲ ਗਈ।

ਲੂਣੀ ਵਿਚ ਸ਼ਾਮਲ ਹੋਣ ਵਾਲੀਆਂ ਛੋਟੀਆਂ ਨਦੀਆਂ ਲਾਲੜੀ, ਘੁਲੂਆਂ; ਬੰਦੀ, ਸੁਕਰੀ, ਜਵਾਈ, ਜੋਜਰੀ ਅਤੇ ਸਾਗਾਈ ਸਭੇ ਹੀ ਅਰਾਵਲੀ ਦੀ ਪੱਛਮੀ ਢਲਵਾਨ ਵਿਚੋਂ ਫੁਟਦੀਆਂ ਅਤੇ ਲੂਣੀ ਵਿਚ ਖੱਬੇ ਪਾਸਿਉਂ ਰਲਦੀਆਂ ਨੇ। ਉਸਦੇ ਸੱਜੇ ਹੱਥੋਂ ਤਾਂ ਰੇਤ ਹੀ ਉਸਦੇ 'ਚ ਸ਼ਾਮਿਲ ਹੁੰਦੀ ਹੈ।

"ਰੇਤ ਨੇ ਹੀ ਸੋ ਘਰ ਗਾਲੇ ਨੇ।" ਮੈਂ ਕਹਿ[ਣਾ] ਚਾਹੁੰਦਾ ਸੀ ਪਰ ਮੈਂ ਚੁੱਪ ਹੀ ਰਿਹਾ।

ਉਸ ਵੇਲੇ ਸ਼ਾਇਦ ਮੈਂ ਉਨ੍ਹਾਂ ਦਿਨਾਂ ਦੀ ਕਲਪ[ਨਾ] ਕਰ ਰਿਹਾ ਸਾਂ ਜਦੋਂ ਕਿ ਰਾਜਸਥਾਨ ਦੇ ਇਸ ਪਛ[ਮੀ] ਖੇਤਰ ਵਿਚ ਰੇਤ ਨਾਂ ਦੀ ਕੋਈ ਸ਼ੈ ਨਹੀਂ ਹੋਵੇਗੀ।

ਕੀ ਉਹ ਦਿਨ ਵੇਖਣ ਲਈ ਜੀਉ ਸਕਾਂਗੇ ਪ੍ਰਤਿਭਾ ਤੇ ਮੈਂ ਬੜੀ ਦੂਰ ਤਕ ਲੂਣੀ ਦੀ ਪਤਲੀ ਧਾਰ ਵ[ਿਚ] ਵਗਦੇ ਪਾਣੀ ਨੂੰ ਘੂਰ ਰਹੇ ਸਾਂ। ਸਮਝ ਨਹੀਂ ਸੀ ਆਉਂਦ[ਾ] ਕਿ ਕੀ ਕਹੀਏ।

"ਤੁਸੀਂ ਹੀ ਦਸੋ ਇਸ ਵੀਰਾਨੀ ਬਾਰੇ ਕਵਿਤ[ਾ] ਲਿਖੀ ਜਾ ਸਕਦੀ ਹੈ?"

"ਇਹ ਵੀਰਾਨੀ ਵੀ ਤਾਂ ਸਾਡੇ ਜੀਵਨ ਦਾ ਹਿੱਸ[ਾ] ਹੀ ਹੈ।"

"ਪਰ ਦਿੱਲੀ, ਪੂਰਾ ਹਿੰਦੁਸਤਾਨ ਤਾਂ ਨਹੀਂ।"

"ਪਰ ਤਕੋ ਨਾ। ਪਹਿਲਾਂ ਦਿੱਲੀ ਵਾਲਿਆਂ ਨੂੰ ਗੱਲ ਸਮਝ ਆਉਣੀ ਚਾਹੀਦੀ ਹੈ।"

ਮੈਨੂੰ ਇਕ ਦਮ ਰੋਹ ਆ ਗਿਆ।

"ਪ੍ਰਤਿਭਾ। ਜਿਹੜਾ ਕਵੀ ਦਿੱਲੀ ਵਾਲਿਆਂ ਨੂੰ ਖੁਸ਼ ਕਰਨ ਲਈ ਹੀ ਲਿਖਦਾ ਹੈ, ਉਹ ਅੱਜ ਮਰਿਆ ਜਾਂ ਕਲ ਨੂੰ..."

"ਫੇਰ, ਮੈਂ ਨਾ ਲਿਖਾਂ"

"ਲਿਖ, ਪਰ ਲੋਕਾਂ ਲਈ ਲਿਖ।"

"ਪਰ ਲੋਕ ਤਾਂ ਮੈਨੂੰ ਜਾਣਦੇ ਹੀ ਨਹੀਂ।"

ਮੈਂ ਹਸ ਪਿਆ। ਉਹ ਖਾਮੋਸ਼ ਹੋ ਗਈ, ਸਗੋਂ ਆਪਣੇ ਖੋਲ 'ਚ ਚਲੀ ਗਈ।

ਮੈਂ ਕਿਹਾ "ਇਹ ਸਵਾਲ ਮੈਨੂੰ ਬੜੇ ਲੇਖਕਾਂ ਨੇ ਕੀਤਾ ਹੈ। ਪਰ ਮੈਂ ਕਹਿੰਦਾ ਤੁਸੀ ਲੋਕਾਂ ਲਈ ਕੁਝ ਕਹੋ ਤਾਂ ਸਹੀ।"



Sri Satguru Jagjit Singh Ji Elibrary NamdhariElibrary@gmail.com

"ਤੁਸੀ ਦਿੱਲੀ 'ਚ ਇਹ ਗੱਲ ਮੈਨੂੰ ਕਦੀ ਨਹੀਂ ਕਹੀ।"

"ਉਥੇ ਤੇਰੇ ਕੋਲ ਵਿਹਲ ਹੀ ਕਦੋਂ ਸੀ।"

"ਨਾਲੇ ਉਥੇ ਤੂੰ ਆਪਣਾ ਮੁਖੌਟਾ ਲਾਹ ਕੇ ਵੀ ਕਦੀ ਮੇਰੇ ਨਾਲ ਗੱਲ ਨਹੀਂ ਕੀਤੀ।"

"ਉਹ ਤਾਂ ਆਪਾਂ ਸਾਰਿਆਂ ਕੋਲ ਹੀ ਹੈ।"

"ਮੈਂ ਕਦੋਂ ਇਨਕਾਰੀ ਹਾਂ।"

ਪ੍ਰਤਿਭਾ ਨਿਸਚਿੰਤ ਹੋ ਗਈ ਪਰ ਮੈਨੂੰ ਲਗ ਰਿਹਾ ਸੀ ਕਿ ਹਾਲੇ ਤਕ ਵੀ ਉਹਦਾ ਅੱਧਾ ਦਿਲ ਦਿੱਲੀ 'ਚ ਹੀ ਕਿਤੇ ਭਟਕ ਰਿਹਾ ਸੀ।

"ਪ੍ਰਤਿਭਾ। ਲੂਣੀ ਨਾਲ ਸੰਬੰਧਿਤ ਕਥਾ ਕਹਾਣੀਆਂ ਵੀ ਤਾਂ ਹੋਣਗੀਆਂ।" ਮੈਂ ਉਸ ਨੂੰ ਹਲੂਣਿਆ।"

"ਹਾਂ, ਮੇਰੀ ਮਾਂ ਸੁਣਾਇਆ ਕਰਦੀ ਸੀ।"

"ਤੂੰ ਮੈਨੂੰ ਸੁਣਾ।"

"ਚੇਤੇ ਨਹੀਂ ਰਹੀਆਂ।"

"ਹੋਰ ਕਿਸ ਨੂੰ ਚੇਤੇ ਹੋਣਗੀਆਂ।"

"ਪਤਾ ਨਹੀਂ।"

"ਕਿਉ ?"

"ਬਹੁਤੀਆਂ ਰੇਤ 'ਚ ਹੀ ਦਬੀਆਂ ਗਈਆਂ ਪ੍ਰਤੀਤ ਦਿੰਦੀਆਂ ਨੇ।"

"ਉਹ ਹੁਣ ਤੈਨੂੰ ਕਢਣੀਆਂ ਪੈਣਗੀਆਂ।"

"ਕਿਉਂ ?"

"ਸਾਊ ਧੀਆਂ ਦਾ ਇਹੋ ਹੀ ਕਰਤਵ ਹੈ।"

"ਮਾਰਵਾੜ ਵਿਚ ਇਕ ਕਹਾਵਤ ਮਸ਼ਹੂਰ ਹੈ।" ਪ੍ਰਤਿਭਾ ਬੋਲੀ, "ਕਿ ਇਸ ਖੇਤਰ ਵਿਚ ਜਿੰਨਾ ਵੀ ਅਨਾਜ ਪੈਦਾ ਹੁੰਦਾ ਹੈ। ਉਸ ਵਿਚੋਂ ਅੱਧਾ ਲੂਣੀ ਦੀ ਬਰਕਤ ਨਾਲ ਹੀ ਪੈਦਾ ਹੁੰਦਾ ਹੈ।"

"ਇਸ ਤਰਾਂ ਦੀਆਂ ਹੋਰ ਗੱਲਾਂ ਵੀ ਸੁਣਾ ਲੂਣੀ ਦੀਆਂ।

"ਕਦੀ ਫੇਰ...ਚੇਤੇ ਕਰਕੇ।"

"ਇਕ ਵੀ ਨਹੀਂ ?"

"ਹਾਂ ਸਚ।" ਉਹਨੇ ਫੇਰ ਕਿਹਾ, "ਬਾਲੋਤਰਾ ਤਕ ਇਹਦਾ ਪਾਣੀ ਮਿੱਠਾ ਹੈ ਪਰ ਰਣ ਕੱਛ ਤਕ ਪੁਜਦਿਆਂ ਹੋਇਆਂ ਖਾਰਾ ਹੋ ਜਾਂਦਾ ਹੈ।"

"ਹੋਰ ?"

"ਅਸੀ ਇਹਦੇ ਸੁੱਕੇ ਹੋਏ ਪਾੜ ਵਿਚ ਤਰਬੂਜ਼ ਬੀਜਿਆ ਕਰਦੇ ਹਾਂ।"

"ਵਾਹਵਾ।" ਮੈਨੂੰ ਹਾਸਾ ਆ ਗਿਆ।

ਪ੍ਰਤਿਭਾ ਬੋਲੀ, "ਮੈਂ ਕਿਤੇ ਪੜ੍ਹਿਆ ਸੀ ਕਿ ਕਦੀ ਤੁਹਾਡਾ ਸਤਲੁਜ ਵੀ ਰਾਜਸਥਾਨ ਵਿਚੀਂ ਹੋ ਕੇ ਰਣਕਛ ਪੁਜਦਾ ਸੀ।"

"ਹਾਂ।"

"ਬਸ, ਜਦੋਂ ਦਾ ਉਹਨੇ ਰੇਤ ਵਲੋਂ ਮੁਖ ਮੋੜ ਲਿਐ ਇਹ ਰੇਤ ਵਧਦੀ ਹੀ ਗਈ ਹੈ, ਹੁਣ ਤਾਂ ਲੋਕ ਵੀ ਕੇਵਲ ਆਪਣੇ ਆਪਣੇ ਘਰ ਬਾਰੇ ਹੀ ਸੋਚਣ ਲਗ ਪਏ ਨੇ।"

"ਤੁਹਾਡਾ ਵੀ ਇਕ ਦੂਸਰੇ ਨਾਲੋਂ ਟੁੱਟਣ ਦਾ ਇਹੋ ਹੀ ਕਾਰਣ ਤਾਂ ਨਹੀਂ ?"

"ਹਾਂ ਬੰਦੇ ਨੂੰ, ਘਰ ਨਾਲੋਂ ਨਹੀਂ ਟੁਟਣਾ ਚਾਹੀਦਾ।"

"ਫੇਰ ਤੂੰ ਕਿਉਂ ਨਹੀਂ ਸੋਚਦੀ ?"

"ਮੇਰਾ ਘਰ ਕਿਥੇ ਹੈ ?"

"ਲੂਣੀ ਦੇ ਆਂਚਲ ਵਿਚ।"

"ਲੂਣੀ ਦੇ ਆਂਚਲ ਵਿਚ ?"

"ਇਹ ਤਾਂ ਮੇਰੀ ਕਵਿਤਾ ਦਾ ਸਿਰਲੇਖ ਹੋ ਸਕਦਾ।"

"ਫੇਰ, ਲਿਖੇਂਗੀ ਲੂਣੀ ਬਾਰੇ ?"

"ਹਾਂ...ਆਂ।" ਉਹਨੇ ਗਦ ਗਦ ਹੋ ਕੇ ਕਿਹਾ ਤੇ ਸਹਿਜ ਸੁਭਾ ਹੀ ਮੇਰੀ ਹਿਕ ਨਾਲ ਲਗ ਗਈ। ਜਿਵੇਂ ਕਿ ਕੋਈ ਭੈਣ ਆਪਣੇ ਵਿਛੜੇ ਹੋਏ ਵੀਰ ਨੂੰ ਮਿਲਦੀ ਹੈ।

ਉਸ ਦੇ ਅੰਦਰਲੀ ਪ੍ਰਤਿਭਾ ਜਾਗ ਪਈ ਸੀ। ●



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE




Sri Satguru Jagjit Singh Ji Elibrary NamdhariElibrary@gmail.com

ਜੁਲਾਈ ਵਿਚ ਪਹਿਲੀ ਬਰਸੀ ਨੂੰ ਸਮਰਪਤ

# ਅਲਬੇਲਾ ਸ਼ਾਇਰ–ਕਰਮਜੀਤ

ਪ੍ਰੀਤਮ ਸਿੰਘ

ਮੌਤ ਕਈ ਵਾਰ ਅਜੀਬ ਅਤੇ ਭਿਆਨਕ ਖੇਡ ਖੇਡਦੀ ਹੈ। ਵੈਸੇ ਤਾਂ ਇਸ ਸੰਸਾਰ ਵਿਚੋਂ ਕਿਸੇ ਵੀ ਵਿਅਕਤੀ ਦਾ ਪਰਲੋਕ ਸਿਧਾਰ ਜਾਣਾ ਉਸ ਦੇ ਰਿਸ਼ਤੇਦਾਰ, ਦੋਸਤਾਂ, ਮਿੱਤਰਾਂ ਅਤੇ ਨਿਕਟ-ਸਬੰਧੀਆਂ ਦੇ ਜੀਵਨ ਵਿਚ ਇਕ ਨਾ ਪੂਰਿਆ ਜਾਣ ਵਾਲਾ ਖੱਪਾ ਪਾ ਦੇਂਦਾ ਹੈ ਪਰ ਜਦੋਂ ਮੌਤ ਦਾ ਵਾਰ ਕਿਸੇ ਅੱਧ-ਖਿੜੇ ਫੁੱਲ ਨੂੰ ਤਰੁੰਡ ਦੇਂਦਾ ਹੈ ਤਾਂ ਮਰਗ ਦਾ ਦਰਦ ਅਸਹਿ ਬਣ ਜਾਂਦਾ ਹੈ।

ਡਾ: ਕਰਮਜੀਤ ਸਿੰਘ ਪਹਿਲੋਂ ਪਹਿਲ ਇਕ ਵਿਦਵਾਨ ਅਤੇ ਸੁਹਿਰਦ ਆਲੋਚਕ ਦੇ ਤੌਰ ਤੇ ਪੰਜਾਬੀ ਸਾਹਿਤ ਜਗਤ ਵਿਚ ਉਭਰਿਆ ਪਰ ਫੇਰ ਉਸ ਨੇ ਆਪਣੀ ਕਾਵਿ ਪ੍ਰਤਿਭਾ ਸਦਕਾ ਆਧੁਨਿਕ ਪੰਜਾਬੀ ਕਵਿਤਾ ਵਿਚ ਵੀ ਆਪਣੀ ਨਵੇਕਲੀ ਸੁਰ ਸਥਾਪਤ ਕਰ ਲਈ। ਕਰਮਜੀਤ ਦੀ ਕਵਿਤਾ ਵਿਚ ਜ਼ਿੰਦਗੀ ਦੇ ਹੁਸਨ ਨੂੰ ਮਾਣਨ ਅਤੇ ਚੰਗੇ ਜੀਵਨ ਲਈ ਸੰਘਰਸ਼ ਕਰਨ ਦਾ ਜਜ਼ਬਾ ਇਕ ਤੂਫਾਨੀ ਨਦੀ ਵਾਂਗ ਸ਼ੂਕਦਾ ਹੈ। ਉਸ ਦੀ ਕਵਿਤਾ ਵਿਚ ਜੋ ਦਾਰਸ਼ਨਿਕ ਡੂੰਘਾਈ ਹੈ ਉਹ ਉਸ ਦੇ ਬਹੁਤ ਘੱਟ ਹਮ-ਉਮਰ ਕਵੀਆਂ ਦੀ ਕਵਿਤਾ ਵਿਚ ਦਿਸ ਆਉਂਦੀ ਹੈ :—

"ਮੈਂ ਆਪਣੀ ਮੈਂ ਦੇ
ਅੰਦਰ ਵੀ ਬਾਹਰ ਵੀ ਹਾਂ
ਮੈਂ ਸਰਬ-ਕਾਲ ਦੀਆਂ
ਪੀੜਾਂ ਦੇ ਪ੍ਰਸ਼ਨਾਂ ਦਾ ਉੱਤਰ ਹਾਂ—

ਕਮਰਜੀਤ ਆਪਣੇ ਸਮਕਾਲੀਆਂ ਦੇ ਸਨਮੁੱਖ ਕਈ ਪ੍ਰਸ਼ਨ ਖੜੇ ਕਰਦਾ ਹੈ। ਉਸ ਦਾ ਪ੍ਰਸ਼ਨ ਕਰਨ ਦਾ ਅੰਦਾਜ਼ ਵੀ ਆਪਣਾ ਹੀ ਸੀ ਜਿਸ ਵਿਚ ਅਤਿ ਦੀ ਸੂਖਮਤਾ ਅਤੇ ਸੁੰਦਰਤਾ ਦ੍ਰਿਸ਼ਟਮਾਨ ਸੀ :—

"ਕੌਣ ਸੁੰਨ ਦੇ ਨਕਸ਼ਾਂ ਅੰਦਰ ਸੂਖਮ ਸੂਖਮ ਸੁਹਜ ਭਰੇ ?
ਕੌਣ ਸ਼ਾਮ ਦੇ ਸ਼ਿਆਮ ਬਨੇਰੇ ਦੀਵਾਲੀ ਦੀ ਪਾਲ ਧਰੇ ?
ਕੌਣ ਜ਼ਿੰਦ ਦਾ ਅਰਘ ਚੜ੍ਹਾਏ; ਕੌਣ ਸੁਰਤ ਬੇਸੁਰਤ ਕਰੇ ?
ਕੌਣ ਹੋਂਦ ਦਾ ਸਿਖਰ ਮੰਜ਼ਲੋਂ, ਛਾਲ ਮਾਰ ਕੇ ਡਿੱਗ ਮਰੇ ?
ਕੌਣ ਸੁਆਸਾਂ ਵਿਚ ਬਿਜਲੀ ਦੀਆਂ ਲਹਿਰਾਂ ਦਾ ਸਾਮਾਨ ਕਰੇ ?
ਕੌਣ ਚੰਨ ਦੀ ਬਾਜ਼ੀ ਵਿਚੋਂ ਰਿਸ਼ਮਾਂ ਦਾ ਵਰਦਾਨ ਕਰੇ ?
ਕੌਣ ਪਲਾਂ ਦੇ ਚਰਨਾਂ ਉਤੇ ਜਨਮ ਸਾਧਨਾਂ ਆਣ ਧਰੇ ?
ਕੌਣ ਮਹਿਕ ਦਾ ਮੇਲਾ ਲਾਏ, ਫੁੱਲਾਂ ਨੂੰ ਮਹਿਮਾਨ ਕਰੇ ?"

ਕਰਮਜੀਤ ਕਦੇ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਲੱਭਣ ਲਈ ਆਪਣੇ ਹਮ-ਸਫਰਾਂ ਨੂੰ ਵੰਗਾਰਦਾ ਅਤੇ ਚੰਗੇ ਜੀਵਨ ਲਈ ਸੰਘਰਸ਼ ਕਰਨ ਲਈ ਪ੍ਰੇਰਦਾ :—

"ਮੇਰੇ ਯਾਰੋ, ਉਮਤ ਦੇ ਸ਼ਾਹ ਸਵਾਰੋ, ਆਓ ਕੁਝ ਕਰੀਏ,
ਨਜ਼ਰ ਦੀ ਦ੍ਰੋਪਦੀ ਨੂੰ ਅੱਖ ਸਮੇਂ ਦੀ ਵਿੰਨ੍ਹ ਕੇ ਵਰੀਏ।
ਨਜ਼ਰ ਹੀ ਤੋਂ ਅਸਾਨੂੰ ਜੰਗ ਤੋਂ ਆਰਾਮ ਹੈ ਮਿਲਣਾ,
ਨਜ਼ਰ ਜੇ ਨਾ ਵਰੀ ਡਾਢਾ ਬੁਰਾ ਅੰਜਾਮ ਹੈ ਮਿਲਣਾ।
ਨਜ਼ਰ ਹੀ ਅਮਨ ਦਾ ਵਰ ਹੈ, ਨਜ਼ਰ ਜੀਵਨ ਦੀ ਬਾਜ਼ੀ ਹੈ,
ਨਜ਼ਰ ਹੁਸਨਾਂ ਦੀ ਮਾਂ ਹੈ, ਨਜ਼ਰ ਹੀ ਰਾਗਾਂ ਦੀ ਰਾਣੀ ਹੈ।
ਨਜ਼ਰ ਸੁਖ-ਦੀਪ ਹੈ, ਵਰ ਹੈ ਅਮਰਤਾ ਦਾ ਮਨੁੱਖ ਤਾਈਂ,
ਕਦਰ ਕੀ ਨਜ਼ਰ ਦੀ ਜੰਗਾਂ 'ਚ ਉਲਝੇ ਮਨ ਨੇ ਜਾਣੀ ਹੈ।
ਨਜ਼ਰ ਮੁਕਤੀ ਹੈ, ਥਾਂ ਤੋਂ, ਕਾਲ ਤੋਂ, ਵਿੱਥਾਂ ਦੀ ਦੂਰੀ ਤੋਂ,
ਨਜ਼ਰ ਬੰਦੇ ਦੀ ਆਜ਼ਾਦੀ ਦਾ ਰੱਖੀ ਗੀਤ ਹੈ ਯਾਰੋ।
ਨਜ਼ਰ ਉਹ ਤੰਦ ਹੈ ਸੁੱਚੀ ਪਰੁੱਚੀ ਜਿਸ 'ਚ ਹੈ ਸ਼ਗਲੀ
ਨਜ਼ਰ ਬੰਦਾ ਬਣਨ ਲਈ ਬਹੁਤ ਮੁਢਲੀ ਗੀਤ ਹੈ ਯਾਰੋ।"

ਪਰ ਕਰਮਜੀਤ ਆਪਣੇ ਹਮ-ਸਫ਼ਰਾਂ ਨੂੰ ਹੀ ਮੁਖਾਤਿਬ ਨਹੀਂ ਸੀ, ਉਹ ਇਹ ਪ੍ਰਸ਼ਨ ਆਪਣੇ ਆਪ ਨੂੰ ਵੀ ਕਰਦਾ :—

'ਮੈਂ ਮਨ ਦੇ ਫੁੱਲਦਾਨ 'ਚ ਕਿਹੜੀ ਮਹਿਕ ਸਜਾਵਾਂ ?
ਕੀਕੂੰ ਮੈਂ ਮਨ 'ਚੋਂ ਫੁੱਲਾਂ ਦੇ ਕੰਡੇ ਕੱਢਾਂ
ਕੀਕੂੰ ਮੈਂ ਸੂਖਮ ਦੀ ਪਦਵੀ ਨੂੰ ਪਾਵਾਂ
ਦੇਹ ਦਾ ਇਹ ਗੁਲਦਸਤਾ, ਮਨ ਦੇ ਫੁੱਲਦਾਨ 'ਚੋਂ ਕੱਢ ਕੇ
ਮੈਂ ਕਿੱਥੇ ਸੁੱਟ ਆਵਾਂ ?
ਜਾਂ ਫਿਰ ਦੇਹ ਦੇ ਗੁਲਦਸਤੇ ਨੂੰ
ਅੰਦਰੋਂ ਬਾਹਰੋਂ ਧੋ ਕੇ
ਮੁੜ ਕੇ ਮਨ ਦੇ ਫੁੱਲਦਾਨ ਵਿਚ ਪਾਵਾਂ,
ਤੇ ਫੇਰ ਮੁੱਢੋਂ ਸੁੱਢੋਂ ਲੱਗ ਕੇ
ਸੁੱਚੀ ਮਹਿਕ ਕਮਾਵਾਂ ?"

ਕਰਮਜੀਤ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਆਪ ਹੀ ਦੇਂਦਾ ਜਿਵੇਂ ਆਪਣੇ ਮਨ ਨਾਲ ਗੱਲਾਂ ਕਰ ਰਿਹਾ ਹੁੰਦਾ :—

"ਮੈਂ ਮੰਨਦਾਂ,



Sri Satguru Jagjit Singh Ji Elibrary NamdhariElibrary@gmail.com

ਮੈਂ ਸਵੈ-ਇੱਛਾ ਤੋਂ ਆਪਣਾ ਕਤਲ ਕਰ ਆਇਆਂ,
ਮੈਂ ਮੰਨਦਾਂ,
ਧੜ ਤੋਂ ਲਾਹ ਕੇ ਸਿਰ ਧਰਤੀ ਤੇ ਧਰ ਆਇਆਂ
ਪਰ ਇਹ ਨਹੀਂ ਮੰਨਦਾ
ਆਪਣੇ ਲਹੂ ਦਾ ਰੰਗ ਵੀ ਮੈਂ ਕਤਲ ਕੀਤਾ ਹੈ
ਤੇ ਜਿਹੜੇ ਜ਼ਹਿਰ ਨੇ ਮੇਰੇ ਲਹੂ ਦਾ ਰੰਗ ਪੀਤਾ ਹੈ
ਮੈਂ ਉਸ ਨੂੰ ਆਖ ਦਿੱਤਾ ਹੈ
ਕਿ ਮੇਰੇ ਲਹੂ ਦਾ ਰੰਗ ਰੱਤਾ ਮੋੜ ਦੇ ਮੈਨੂੰ
ਨਹੀਂ ਤਾਂ ਵਾਂਗ ਆਪਣੇ ਕਤਲ ਕਰ ਕਰ ਦੇਵਾਂਗਾ ਮੈਂ ਤੈਨੂੰ।"

ਕਰਮਜੀਤ ਨੂੰ ਆਪਣੀ ਕਾਵਿਕ ਪ੍ਰਤਿਭਾ ਦਾ ਭਰਪੂਰ ਅਹਿਸਾਸ ਸੀ ਅਤੇ ਉਹ ਆਪਣੀ ਇਸ ਦੈਵੀ ਸ਼ਕਤੀ ਨੂੰ ਜ਼ਿੰਦਗੀ ਦਾ ਹੁਸਨ ਸੰਵਾਰਨ ਲਈ ਵਰਤਣਾ ਲੋੜਦਾ ਸੀ :—

"ਅਜੇ ਤਾਰਿਓ, ਇੰਜ ਨਾ ਹੱਸੋ,
ਅਣੀ ਬਿੱਤੋਇਓ, ਇੰਜ ਨਾ ਕਹਿਕ੍ਹੇ ਲਾਵੋ
ਗੀਤ ਮੇਰਾ ਮਸਕੀਨ ਜਿਹਾ
ਮਾਸੂਮ ਜਿਹਾ ਸੀ
ਵਾਰ ਕਰਨ ਨਾ ਸਿੱਖਿਆ
ਵਾਰ ਜਰਨ ਨਾ ਸਿੱਖਿਆ
ਖਵਰੇ ਕਿਹੜੀ ਸੁਰ ਦਾ ਮੋਹਿਆ,
ਭਰ ਮੱਸਿਆ ਵਿਚ ਉਂਗਲੀ ਛੱਡ ਕੇ
ਜਾਣੇ ਕਿਸ ਪਾਸੇ ਗੁੰਮਿਆ ਨਿਰਮੋਹਿਆ।"

×× ×× ×× ××

"ਕੋਈ ਵਿਰਲਾ ਬੂਟਾ ਐਸਾ ਹੈ
ਜੋ ਸਾਰਾ ਬਲਦਾ ਹੈ
ਜੋ ਬਲਦੇ ਨੇ ਉਹ ਬਲ ਜਾਵਣਗੇ, ਸੜ ਜਾਵਣਗੇ
ਪਰ ਆਪਣੀ ਅੱਗ 'ਚੋਂ
ਐਸਾ ਬਲਦਾ ਗੀਤ ਜੰਗਲ ਦੇ ਚਰਨਾਂ ਦੇ ਵਿਚ ਧਰ ਜਾਵਣਗੇ
ਕਿ ਆਪੀਂ ਭਾਵੇਂ ਮਰ ਜਾਵਣਗੇ
ਪਰ ਜੰਗਲ ਨੂੰ ਸਦਾ ਜਿਉਂਦਾ ਕਰ ਜਾਵਣਗੇ।"

ਕਰਮਜੀਤ ਦੇ ਦਿਲ ਵਿਚ ਕੁਝ ਕਰ ਵਿਖਾਉਣ ਦੀ ਬੜੀ ਲੋਚਾ ਸੀ। ਉਸ ਦੀ ਤੀਬਰ ਇੱਛਾ ਸੀ ਕਿ ਉਹ ਇਸ ਦੁਨੀਆਂ ਦੇ ਦੁੱਖ ਦਰਦ ਨੂੰ ਡੀਕ ਲਵੇ, ਇਸ ਦੇ ਕੋਝ ਨੂੰ ਮਿਟਾ ਦੇਵੇ ਅਤੇ ਇਸ ਪਿੱਛੋਂ ਜੇ ਉਸ ਦੀ ਮੌਤ ਵੀ ਹੋ ਜਾਵੇ ਤਾਂ ਉਸ ਨੂੰ ਇਸ ਦਾ ਕੋਈ ਗ਼ਮ ਨਹੀਂ ਹੋਵੇਗਾ। ਉਹ ਇਸ ਕਾਰਜ ਲਈ ਆਪ ਵੀ ਜੂਝਣਾ ਚਾਹੁੰਦਾ ਸੀ ਅਤੇ ਆਪਣੇ ਮਿੱਤਰਾਂ ਨੂੰ ਵੀ ਅਜਿਹਾ ਕਰਨ ਲਈ ਵੰਗਾਰਦਾ ਸੀ :—

"ਮੇਰੇ ਮਿੱਤਰੋ
ਅੱਜ ਮੈਨੂੰ ਕੋਈ
ਅਗਨੀ ਦਾ ਇਕ ਹਾਰ ਦਿਓ

××× ××× ×××

ਹੱਥਾਂ ਵਿਚ ਫੁੱਲਝੜੀਆਂ ਦੇ ਗੁਲਦਸਤੇ ਲੈ
ਧਰਤੀ ਦੀ ਹਰ ਗਲੀ 'ਚ
ਵੀਅਤਨਾਮ ਦੀ ਇਕ ਇਕ
ਝੁਲਸੀ ਇੱਟ ਚੁਗੋ
ਹਰ ਇਕ ਇੱਟ ਦਾ
ਸੜਿਆ ਸੁਪਨਾ ਮੋੜ ਦਿਓ
ਤੇ ਹਰ ਸੁਪਨੇ ਨੂੰ
ਥਾਪੀ ਦੇ ਖਲ੍ਹਿਆਰ ਦਿਓ
ਮੇਰੀ ਤਾਕਤ, ਭੁੱਲ ਚੁੱਕਾ
ਇਕਰਾਰ ਬਣੀ ਨਾ ਰਹਿ ਜਾਏ
ਮੇਰੀ ਤਾਕਤ, ਸੁਪਨੇ ਦਾ
ਸ਼ਿੰਗਾਰ ਬਣੀ ਨਾ ਰਹਿ ਜਾਏ
ਮੇਰੀ ਤਾਕਤ ਦੇ
ਹਰ ਸਾਬਤ ਐਟਮ ਨੂੰ
ਸੁਪਨੇ ਦੀ ਅਹਿਰਨ ਤੇ
ਧਰਕੇ ਤੋੜ ਦਿਓ
ਮੇਰੇ ਅਣੂ-ਧਮਾਕੇ ਦੇ
ਹਰ ਕਾਂਬੇ ਨੂੰ
ਧਰਤੀ ਦੇ ਸੁੰਦਰ ਮੁਖੜੇ ਤੋਂ ਵਾਰ ਦਿਓ
ਉਸ ਤੋਂ ਪਿੱਛੋਂ ਬੇਸ਼ਕ ਮੈਨੂੰ
ਬਿਨ ਪੁੱਛੇ ਸਸਕਾਰ ਦਿਓ।"

ਕਰਮਜੀਤ ਮੌਤ ਨੂੰ ਇਕ ਦਾਰਸ਼ਨਿਕ ਦੀ ਨਜ਼ਰ ਨਾਲ ਵੇਖਦਾ ਸੀ :—

"ਹਰ ਦ੍ਰਿਸ਼ਟਮਾਨ ਵਸਤ
ਨਾਸ਼ਮਾਨਤਾ ਦਾ ਹੈ ਕਲੋਲ।
ਜ਼ਿੰਦਗੀ ਦੀ ਚਾਨਣੀ ਦੇ
ਸੂਖਸ਼ਮ ਰਸਾਂ ਨੂੰ ਪੀ :
ਜੀਵੇਂ, ਜੀਣ ਵਾਂਗ ਜੀ।
ਕਿ ਮੌਤ ਦੇ ਪੁਲਾੜ ਦੀ ਹੀ
ਸੁੰਨਤਾ 'ਚ ਜੀ ਰਿਹਾ ਹੈ ਤੂੰ।
ਕਿ ਮੌਤ ਦੇ ਹੀ ਜ਼ਹਿਰ ਰੂਪ



Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਾਂ ਨੂੰ ਪੀ ਰਿਹਾ ਹੈਂ ਤੂੰ।
ਸੂਝਵਾਨ, ਜ਼ਿੰਦਗੀ ਦਾ ਇੰਜ ਨ ਅਖ਼ੀਰ ਕਰ !
ਹੌਸਲਾ ਨ ਹਾਰ, ਐ ਅਧੀਰ, ਧੀਰ ਕਰ !"

ਕਰਮਜੀਤ ਦੀ ਕਵਿਤਾ ਵਿਚੋਂ ਜ਼ਿੰਦਗੀ ਲਈ ਪਿਆਰ ਅਤੇ ਉਸ ਦੀਆਂ ਖ਼ੁਸ਼ੀਆਂ ਨੂੰ ਮਾਨਣ ਲਈ ਉਮਾਹ ਡੁੱਲ੍ਹ ਡੁੱਲ੍ਹ ਪੈਂਦਾ ਸੀ :—

"ਮੈਂ ਪਉਣਾਂ ਦੇ ਵਿਚ ਘੁਲਿਆ ਚੁੰਮਣ ਚੋਰੀ ਦਾ
ਮੈਂ ਨਜ਼ਰਾਂ ਦੀ ਮੁਰਗਾਈ ਸਮੇਂ ਦੇ ਛੰਭ ਤਰਾਂ
ਮੈਂ ਕਿੱਕਰੀ ਦੀ ਕੰਡਿਆਲੀ ਛਾਂ ਦਾ ਉਦਰੇਵਾਂ
ਮੈਂ ਰੁੱਤਾਂ ਬਣ ਬਣ ਖੁਸ਼ੀ ਗ਼ਮੀ ਦੇ ਨਾਚ ਕਰਾਂ
ਮੈਂ ਖਾ ਕਿਰਨਾਂ ਦੀ ਮਾਰ ਹਿਮਾਲਾ ਤੋਂ ਤੁਰਿਆ,
ਮੈਂ ਪੁਲ ਦੇ ਹੇਠੋਂ ਲੰਘਦਾ ਗਾਉਂਦਾ ਪਾਣੀ ਹਾਂ
ਮੈਂ ਮਿੱਸਾ ਲੂਣਾ ਗੀਤ ਹਨੇਰੇ ਚਾਨਣ ਦਾ
ਮੈਂ ਹਰ ਮੱਸਿਆ ਦਾ, ਹਰ ਪੁੰਨਿਆਂ ਦਾ ਹਾਣੀ ਹਾਂ
ਮੈਂ ਤੱਤਾਂ ਦੀ ਲੁੱਕਣ ਮੀਟੀ ਦਾ ਚਰਚਾ ਹਾਂ
ਮੈਂ ਤੱਤਾਂ ਦੀ ਹਾਂ ਜੰਝ ਮਾਸ ਵਿਚ ਉਤਰ ਪਈ
ਮੇਰੀ ਹੋਂਦ 'ਚ ਲੇਟਣ ਤੱਤ ਸ਼ਰਾਬੀ ਹੋ ਸਾਰੇ
ਮੇਰੀ ਡਰਦੀ ਮਾਰੀ ਚੇਤਨਾ ਕਿਧਰੇ ਨਿਕਲ ਗਈ
ਮੈਂ ਜੰਗਲੀ ਫੁੱਲ ਦੀ ਅੱਖ 'ਚ ਜੰਮੀ ਜੋੜੀ ਹਾਂ
ਮੈਂ ਝੱਲ ਨਾ ਸਕਾਂ ਨੱਖ਼ਰਾ ਕਿਸਮਤ ਗੋਰੀ ਦਾ
ਜਦ ਬਿਰਹਾ ਦੇ ਹੰਝੂ ਤੋਂ ਤਿਲ੍ਹਕੇ ਪੈਰ ਮੇਰਾ
ਮੈਨੂੰ ਹਰ ਸਾਹ ਆਪਣਾ ਹੁੰਦਾ ਜਾਪੇ ਹੋਰੀ ਦਾ !"

× × ×    × × ×    × × ×

"ਤੱਕੋ ਨੀ ਮੇਰੇ ਹੱਥਾਂ ਨੂੰ ਕੀ ਹੋਇਆ
ਉਠੀ ਲਪਟਾਂ ਮਾਰ ਕਿਵੇਂ ਖ਼ੁਸ਼ਬੋਈ।
ਡੁਲ੍ਹਿਆ ਮੁੱਖ ਤੋਂ ਚਾਨਣ ਗੋਰਾ ਗੋਰਾ,
ਸਖੀਏ ਨੀ ਮੈਂ ਵੇਖ ਵੇਖ ਕੇ ਮੋਈ।
ਹਾੜੇ ਨੀ, ਮੈਂ ਜਗ ਪਈ ਵਾਂਗ ਮਤਾਬੀ,
ਹਾੜੇ ਨੀ, ਮੇਰੀ ਸ਼ਰਮ ਸ਼ਰਾਬਣ ਹੋਈ
ਸਖੀਏ ਨੀ ਮੇਰਾ ਕੁੰਜ ਲੈ ਰੂਪ ਸੁਲੱਖਣਾ,
ਦੇਵੀ ਨੀ ਮੇਰੇ ਸਿਰ ਤੇ ਦੇਵੀ ਲੋਈ।"

× × ×    × × ×    × × ×

"ਅਸਾਂ ਕੁੱਦ ਝਨਾਂ ਵਿਚ ਪੈਣਾਂ ਇਕ ਦਿਨ ਸੱਭਨਾਂ
ਆਖੋ ਸੂ ਸਾਡੇ ਮਹੀਂਵਾਲ ਪਰਤਾਏ।"

ਕਰਮਜੀਤ ਦੀ ਕਵਿਤਾ ਵਿਚ ਪ੍ਰਕਿਰਤੀ ਚਿਤਰਨ ਦਾ ਇਕ ਆਪਣਾ ਹੀ ਅੰਦਾਜ਼ ਹੈ ਜਿਹੜਾ ਕਿ ਉਸ ਦੇ ਕਿਸੇ ਸਮਕਾਲੀ ਦੀ ਕਵਿਤਾ ਵਿਚ ਨਜ਼ਰ ਨਹੀਂ ਪੈਂਦਾ :—

"ਅੱਜ ਸਾਨੂੰ ਨਿੰਬੂਏ ਦੀ ਖੱਟੀ ਖੱਟੀ ਛਾਵੇਂ,
ਮਿੱਠੀ ਮਿੱਠੀ ਯਾਦ ਜਲੂਣੇ
ਉਮਰ ਦੇ ਪੈਰਾਂ 'ਚ ਚਾਲੇ ਜੁ ਲਿਸ਼ਕਣ,
ਰਾਹ ਤਾਂ ਲਗਣ ਬੜੇ ਲੰਬੇ :
ਇਕ ਘੁੱਗੀ ਕਿੱਕਰੀ 'ਚ 'ਘੂੰ ਘੂੰ' ਬੋਲੇ,
ਦੂਈ ਸੀਨੇ 'ਤੂੰ' ਤੂੰ' ਪੁਕਾਰੇ :,
ਨੈਣਾਂ ਦੀਆਂ ਗੰਨੀਆਂ ਦੀ ਥੱਕੀ ਥੱਕੀ ਲਾਲੀ
ਕਹੇ, 'ਅਜੇ ਤਾਂ ਨਹੀਂ ਅਸੀਂ ਹੰਭੇ !"

ਪੰਜਾਬੀ ਦੇ ਇਸ ਅਲਬੇਲੇ ਸ਼ਾਇਰ ਅਤੇ ਸੁਹਿਰਦ ਆਲੋਚਕ ਨਾਲ ਮੇਰੇ ਬੜੇ ਘਨਿਸ਼ਟਤਾ ਦੇ ਸੰਬੰਧ ਸਨ। ਮੈਨੂੰ ਜਦੋਂ ਵੀ ਕਦੇ ਫਰੀਦਕੋਟ ਜਾਣ ਦਾ ਮੌਕਾ ਮਿਲਦਾ ਤਾਂ ਮੈਂ ਵਿਹਲ ਕੱਢ ਕੇ ਉਚੇਚਾ ਉਸ ਦੀ ਸੰਗਤ ਮਾਣਦਾ ਅਤੇ ਉਹ ਵੀ ਜਦੋਂ ਕਦੇ ਚੰਡੀਗੜ੍ਹ ਆਉਂਦਾ ਤਾਂ ਚਾਰ ਵੱਲ ਪਾ ਕੇ ਵੀ ਮੈਨੂੰ ਜ਼ਰੂਰ ਮਿਲਦਾ। ਪਿਛਲੇ ਸਾਲ ਜੁਲਾਈ ਵਿਚ ਜਦੋਂ ਮੇਰੀ ਪੁਸਤਕ "ਨਵੇਂ ਆਕਾਸ਼" ਪ੍ਰਕਾਸ਼ਤ ਹੋਈ ਤਾਂ ਮੈਂ ਉਸ ਨੂੰ ਬੜੇ ਉਚੇਚ ਨਾਲ ਉਸ ਦੇ ਵਿਚਾਰ ਜਾਨਣ ਲਈ ਭਿਜਵਾਈ। ੨੮.੭.੧੯੯੧ ਦਾ ਲਿਖਿਆ ਹੋਇਆ ਉਸ ਦਾ ਨਿਮਨ-ਲਿਖਤ ਪੱਤਰ ਮੈਨੂੰ ੩੧.੭.੧੯੯੧ ਨੂੰ ਪ੍ਰਾਪਤ ਹੋਇਆ :—

ਫਰੀਦਕੋਟ
੨੮.੭.੧੯੯੧.

ਮਿੱਤਰ ਪਿਆਰ ਪ੍ਰੀਤਮ ਸਿੰਘ ਜੀ,

ਨਿੱਘੀ ਯਾਦ :

"ਨਵੇਂ ਆਕਾਸ਼" ਭੇਜਣ ਲਈ ਬਹੁਤ ਧੰਨਵਾਦੀ ਹਾਂ। ੧੪ ਜੁਲਾਈ ਦੀ ਸ਼ਾਮ ਨੂੰ ਕਿਤਾਬ ਮਿਲੀ ਤੇ ਦੇਖਦਿਆਂ ਹੀ ਪੜ੍ਹਨੀ ਸ਼ੁਰੂ ਕਰ ਦਿੱਤੀ। ਫਿਰ ਕੀ ਸੀ, ਜਿੰਨਾ ਚਿਰ ਮੁਕਾ ਨਹੀਂ ਲਈ, ਛੱਡਣੀ ਮੁਸ਼ਕਿਲ ਹੋ ਗਈ। ਪੜ੍ਹਦਿਆਂ ਜਦੋਂ ਮਿਸਿਜ਼ ਕਰਮਜੀਤ ਸਿੰਘ ਨਾਲ ਕਿਸੇ ਘਟਨਾ ਬਾਰੇ ਗੱਲ ਕਰਦਾ ਤਾਂ ਉਹ ਕਹਿੰਦੇ, 'ਜਲਦੀ ਮੁਕਾਓ ਫਿਰ ਮੈਂ ਪੜ੍ਹਾਂਗੀ।' ਮੇਰਾ ਖਿਆਲ ਹੈ ਕਿ ਏਨੀ ਤੇਜ਼ੀ ਤੇ ਚਾਓ ਨਾਲ ਅਸੀਂ ਦੋਹਾਂ ਨੇ ਕੋਈ ਪੁਸਤਕ ਨਹੀਂ ਪੜ੍ਹੀ। ਨਾਵਲ ਵਿਚ ਵੀ ਕਿਤੇ ਇਕਸਾਰਤਾ ਆ ਜਾਂਦੀ ਹੈ ਪਰ ਤੁਹਾਡੀ ਪੁਸਤਕ ਤਾਂ ਸੱਚ ਮੁੱਚ ਪਾਠਕ ਨੂੰ ਹਵਾਈ ਜਹਾਜ਼ ਦੀ ਗਤੀ ਨਾਲ ਅੱਗੇ ਤੋਂ ਅੱਗੇ ਨਵੇਂ ਆਕਾਸ਼ਾਂ ਦੀ ਯਾਤਰਾ ਕਰਾਉਂਦੀ ਹੈ। ਤੁਸੀਂ ਕੁਲਵੰਤ ਭੈਣ ਜੀ ਨਾਲ ਰਲਕੇ ਵਿਦੇਸ਼ਾਂ ਦੀ ਯਾਤਰਾ ਕੀਤੀ ਹੈ। ਅਸੀਂ ਦੋਹਾਂ ਨੇ ਅੱਡ ਅੱਡ ਤੁਹਾਡੀ ਪੈੜ ਉਤੇ ਸਫ਼ਰ ਕੀਤਾ ਹੈ। ਹਾਂ, ਬੇਸ਼ਕ,


Sri Satguru Jagjit Singh Ji Elibrary NamdhariElibrary@gmail.com

ਤੁਹਾਡਾ ਸਫ਼ਰਨਾਮਾ ਕੇਵਲ ਸਫ਼ਰ ਦੇ ਹਾਲਾਤ ਹੀ ਪੇਸ਼ ਨਹੀਂ ਕਰਦਾ ਸਗੋਂ ਸਫ਼ਰ ਦੇ ਬਹੁ-ਰੰਗ ਤੇ ਬਹੁ-ਪਰਤੀ ਅਨੁਭਵਾਂ ਦਾ ਸੰਚਾਰ ਕਰਦਾ ਹੈ। ਜਿਸ ਸੂਝ ਅਤੇ ਸ਼ਿੱਦਤ ਨਾਲ ਤੁਸੀਂ ਵਿਦੇਸ਼ਾਂ ਵਿਚ ਦਰਪੇਸ਼ ਆਉਣ ਵਾਲੀਆਂ ਸਮੱਸਿਆਵਾਂ, ਸਥਿਤੀਆਂ ਤੇ ਘਟਨਾਵਾਂ ਨੂੰ ਅੰਕਿਤ ਕੀਤਾ ਹੈ ਉਸ ਦੇ ਸਿੱਟੇ ਵੱਜੋਂ ਤੁਹਾਡੀ ਯਾਤਰਾ ਇਕ ਜਿਊਂਦਾ ਜਾਗਦਾ ਧੜਕਦਾ ਤਜਰਬਾ ਬਣ ਕੇ ਪਾਠਕ ਦੇ ਵਜੂਦ ਵਿਚੋਂ ਗੁਜ਼ਰਨ ਦੀ ਸਮਰੱਥਾ ਧਾਰਨ ਕਰ ਜਾਂਦੀ ਹੈ।

ਪੱਛਮੀ ਤਹਿਜ਼ੀਬ ਦੀਆਂ ਚੰਧਿਆਊ ਅਸਾਇਸ਼ਾਂ ਅਤੇ ਆਰਥਿਕ ਪਦਾਰਥਕ ਉੱਨਤੀ ਦੇ ਥਾਂ ਥਾਂ ਪਸਰੇ ਵਿਸ਼ਾ ਦ੍ਰਿਸ਼ਾਂ ਦੇ ਸਨਮੁੱਖ ਜਿਸ ਤਰਕਸ਼ੀਲ ਅੰਤਰ-ਦ੍ਰਿਸ਼ਟੀ ਅਤੇ ਯਥਾਰਥਵਾਦੀ ਸੂਝ ਨਾਲ ਤੁਸੀਂ ਪੱਛਮਵਾਦ ਦੇ ਤਾਬੜ ਤੋੜ ਹਮਲਿਆਂ ਵਿਰੁੱਧ ਭਾਰਤੀਅਤਾ ਦੇ ਗੌਰਵ ਦੀ ਰੱਖਿਆ ਕੀਤੀ ਹੈ, ਉਸ ਸੱਚ ਮੁੱਚ ਤੁਹਾਡੇ ਸਫ਼ਰਨਾਮੇ ਨੂੰ ਇਕ ਨਵਾਂ ਪਸਾਰ ਬਖ਼ਸ਼ਦੀ ਹੈ। ਰਾਸ਼ਟਰੀ ਭਾਵਾਂ ਦੀ ਜਜ਼ਬਾਤੀ ਉਤੇਜਨਾਂ ਤੋਂ ਬਿਨਾਂ ਵੀ ਭਾਰਤ ਦੇ ਗੌਰਵ ਤੇ ਆਣ ਲਈ ਲੜਿਆ ਜਾ ਸਕਦਾ ਹੈ ਅਤੇ ਭਾਰਤੀਅਤਾ ਨੂੰ ਇਕ ਗ਼ੈਰ-ਜਜ਼ਬਾਤੀ, ਬੌਧਿਕ ਆਸਣ ਦੇ ਰੂਪ ਵਿਚ ਵੀ ਅਪਣਾਇਆ ਜਾ ਸਕਦਾ ਹੈ, ਇਸ ਗੱਲ ਦਾ ਸਜਰਾਊ ਅਹਿਸਾਸ ਤੁਹਾਡੇ ਸਫ਼ਰਨਾਮੇ ਦਾ ਅਜਿਹਾ ਪੱਖ ਹੈ ਜੋ ਆਪਣੀ ਮਿਸਾਲ ਆਪ ਹੈ।

ਨਿੱਜੀ ਤੌਰ ਤੇ ਸਾਨੂੰ ਵਿਸ਼ੇਸ਼ ਖੁਸ਼ੀ ਇਸ ਗੱਲ ਦੀ ਵੀ ਹੋਈ ਕਿ ਤੁਹਾਡੇ ਨਾਲ ਅਸੀਂ ਕੁਲਵੰਤ ਭੈਣ ਜੀ ਨੂੰ ਵਧੇਰੇ ਨੇੜਿਓਂ ਦੇਖ ਸਕੇ ਹਾਂ ਅਤੇ ਉਨ੍ਹਾਂ ਦੀ ਬਹੁ-ਪੱਖੀ ਸ਼ਖਸ਼ੀਅਤ ਦਾ ਭਰਪੂਰ ਸੰਗ ਮਾਨਣ ਦੀ ਖੁਸ਼ੀ ਦੇ ਪਾਤਰ ਬਣੇ ਹਾਂ। ਉਨ੍ਹਾਂ ਦੀ ਸ਼ਖਸ਼ੀਅਤ ਦਾ ਪ੍ਰਭਾਵ ਤੁਹਾਡੇ ਬਿਆਨ ਨੂੰ ਪ੍ਰਚੰਡ ਕਰਨ ਅਤੇ ਥਾਂ ਥਾਂ ਉਤੇ ਤੁਹਾਡੇ ਰਚਨਾਤਮਕ ਅਨੁਭਵ ਨੂੰ ਸੀਖਣ ਵਿਚ ਆਪਣਾ ਸਹਿਜ ਯੋਗਦਾਨ ਦੇਂਦਾ ਵੇਖਿਆ ਜਾ ਸਕਦਾ ਹੈ। ਜਿਵੇਂ ਤੁਹਾਡੀ ਸਮੁੱਚੀ ਸ਼ਖਸ਼ੀਅਤ ਉਨ੍ਹਾਂ ਦੇ ਉਜਲ ਅਸਤਿੱਤਵ ਤੋਂ ਪ੍ਰਭਾਵਿਤ ਹੈ, ਉਵੇਂ ਇਸ ਸਫ਼ਰਨਾਮੇ ਦੇ ਅਨੁਭਵ ਤੋਂ ਲੈ ਕੇ ਰਚਨਾ ਤੱਕ ਉਨ੍ਹਾਂ ਦਾ ਪ੍ਰਭਾਵ ਇਸ ਦੇ ਇਕ ਇਕ ਛਿਣ ਵਿਚ ਸਮਿਆ ਹੋਇਆ ਹੈ ਬੇਸ਼ੱਕ ਮੈਂ ਇਸ ਸਫ਼ਰਨਾਮੇ ਨੂੰ ਤੁਹਾਡੀ ਸਾਂਝੀ ਰਚਨਾ ਮੰ... ਕੇ ਆਪਣਾ ਸਲਾਮ ਪੇਸ਼ ਕਰਦਾ ਹਾਂ। ਇਸ ਸਲਾਮ ਵਿ... ਮੇਰੀ ਪਤਨੀ, ਪ੍ਰਿਤਪਾਲ ਵੀ ਮੇਰੇ ਨਾਲ ਸ਼ਾਮਿਲ ਹੈ।

ਉਸ ਭਰਪੂਰ ਵਿਦੇਸ਼ ਯਾਤਰਾ ਲਈ, ਜਿਸ ਦ... ਅਨੁਭਵ ਅਸੀਂ ਤੁਹਾੜੀ ਯਾਤਰਾ ਤੋਂ ਪ੍ਰਾਪਤ ਕੀਤਾ ਹੈ ਅਸੀਂ ਦੋਵੇਂ ਤੁਹਾਡੇ ਕ੍ਰਿਤੱਗ ਹਾਂ।

ਡੂੰਘੇ ਸਨੇਹ ਨਾਲ,

ਤੁਹਾਡਾ,

ਕਰਮਜੀਤ ਸਿੰਘ

ਪੀ. ਐਸ. ਰੀਵੀਊ ਵੀ ਕਰਾਂਗਾ। ਪਰ ਜ਼ਰਾ ਨਿੱਠ ਕੇ ਕਾਹਲੀ ਵਿਚ ਮੇਰੀ ਆਪਣੀ ਸੰਤੁਸ਼ਟੀ ਨਹੀਂ ਹੋਣੀ।

ਸਹੀ/-

ਕਰਮਜੀਤ ਸਿੰਘ

੨੮.੭.੮੧

੨ ਅਗਸਤ, ੧੯੮੧ ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਉਸ ਦੀ ਫੋਟੋ ਅਤੇ ਉਸ ਦੇ ਸਵਰਗਵਾਸ ਹੋਣ ਦੀ ਹਿਰਦੇ-ਵੇਧਕ ਖਬਰ ਪੜ੍ਹੀ ਅਤੇ ਮੈਂ ਉਸ ਨੂੰ ਉਸ ਦੇ ਆਪਣੇ ਉਚਾਰੇ ਹੋਏ ਸ਼ਬਦਾਂ ਵਿਚ ਸੰਬੋਧਨ ਕਰਨੋਂ ਨਾ ਰਹਿ ਸਕਿਆ :—

"ਤੇਰੇ ਚਿਹਰੇ ਦਾ ਜਿਹੜਾ ਨੂਰ
ਸਾਡੇ ਨਾਲ ਤੁਰਦਾ ਸੀ
ਬਹੁਤ ਅੱਗੇ ਅਸਾਥੋਂ ਲੰਘ ਗਿਆ ਹੈ
ਉਸ ਦੇ ਬਾਝ
ਸੰਘਣੀ ਰਾਤ ਦੀ ਕਾਲਖ ਨੂੰ ਟੋਂਹਦੇ
ਹਰ ਇਕ ਤਾਰੇ ਤੋਂ ਥੋੜਾ ਨੂਰ ਖੋਂਹਦੇ
ਆਪਣਾ ਆਪ
ਆਪਣਾ ਮੀਤ
ਆਪਣਾ ਗੀਤ ਲੱਭਦੇ ਫਿਰ ਰਹੇ ਹਾਂ।"

*



Sri Satguru Jagjit Singh Ji Elibrary NamdhariElibrary@gmail.com

# ਬੱਚਿਆਂ ਦੀ ਗੱਲ ਸੁਣੋ

—ਰਿਚਰਡ ਮਾਉਂਟ

ਅਨੁਵਾਦ : ਜ. ਸ. ਵਿਰਦੀ

ਅੱਜ ਦੇ ਮਾਪਿਆਂ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਉਹ ਆਪਣੇ ਬੱਚਿਆਂ ਨਾਲ ਹੀ ਸਹੀ ਵਰਤਾਰਾ ਨਹੀਂ ਕਰਦੇ। ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਅਸੀਂ ਬਹੁਤ ਹੀ ਅਕੇਵੇਂ ਭਰੇ ਭਾਸ਼ਣਾ ਨੂੰ ਤਾਂ ਸਬਰ ਨਾਲ ਸੁਣ ਲੈਂਦੇ ਹਾਂ, ਪਰ ਬੱਚਿਆਂ ਦੀ ਗੱਲ ਨਹੀਂ ਸੁਣਦੇ।

ਜ਼ਿੰਦਗੀ ਦੀ ਤੇਜ਼ ਚਾਲ ਵਿਚ, ਕਦੀ ਨਾ ਕਦੀ ਉਹ ਮੌਕਾ ਆ ਹੀ ਜਾਂਦਾ ਹੈ, ਜਦੋਂ ਕਿ ਸਾਨੂੰ ਅਚਾਨਕ ਹੀ ਇਕ ਝਟਕਾ ਜਿਹਾ ਲੱਗ ਗਿਆ ਮਹਿਸੂਸ ਹੁੰਦਾ ਹੈ। ਅਸੀਂ ਭਾਵੇਂ ਕਿਨੇ ਵੀ ਰੁੱਝੇ ਹੋਏ ਹੋਵੀਏ, ਸਾਡਾ ਹਰ ਕੰਮ ਅੰਤ ਵਿਚ ਸਾਨੂੰ ਮੌਤ ਦੇ ਮੂੰਹ ਵਲ ਹੀ ਲਿਜਾ ਰਿਹਾ ਹੁੰਦਾ ਹੈ। ਜ਼ਿੰਦਗੀ ਭਰ ਵਿਚ ਜਿਸ ਬੱਚੇ ਦੀ ਅਸੀਂ ਗੱਲ ਨਹੀਂ ਸੁਣ ਸਕਦੇ, ਉਹ ਉਸ ਵੇਲੇ, ਸਾਡੇ ਅੰਤਲੇ ਸਮੇਂ ਵੀ ਕੁਝ ਨਹੀਂ ਕਹਿ ਰਿਹਾ ਹੁੰਦਾ ਹੈ।

ਮੈਂ ਜਾਣਦਾ ਹਾਂ ਕਿ ਬੱਚੇ ਹਰ ਵੇਲੇ ਕੁਝ ਨਾ ਕੁਝ ਕਹਿੰਦੇ ਹੀ ਰਹਿੰਦੇ ਹਨ ਅਤੇ ਉਨ੍ਹਾਂ ਦੇ ਜਵਾਬ ਵਿਚ ਮਾਪੇ ਵੀ ਕਈ ਤਰ੍ਹਾਂ ਦੀ ਬਕੜਵਾਹ ਕਰਦੇ ਰਹਿੰਦੇ ਨੇ। ਪਰ ਇਹ ਹਕੀਕਤ ਹੈ ਕਿ ਸ਼ਾਇਦ ਹੀ ਕਦੀ ਮਾਪੇ ਆਪਣੇ ਬੱਚੇ ਦੇ ਦਿਲ ਦੀ ਗੱਲ ਸੁਣਦੇ ਹੋਣਗੇ। ਤਦ ਵੀ, ਉਹ ਵੇਲਾ ਵੀ ਜ਼ਰੂਰ ਆਉਂਦਾ ਹੈ ਜਦੋਂ ਕਿ ਛੋਟੇ ਬੱਚਿਆਂ ਦੀਆਂ ਦੀਆਂ ਗੱਲਾਂ ਵੀ ਸਾਡੇ ਦਿਲ ਦਿਮਾਗ ਵਿਚ ਸਪਸ਼ਟ ਰੂਪ ਵਿਚ ਲਹਿ ਜਾਂਦੀਆਂ ਨੇ ਅਤੇ ਸਾਨੂੰ ਉਨ੍ਹਾਂ ਬਾਰੇ ਸੋਚਣਾ ਹੀ ਪੈਂਦਾ ਹੈ। ਭਾਵੇਂ ਕਿ ਅਸੀਂ ਕਿੰਨੇ ਵੀ ਸਮੇਂ ਤੋਂ ਉਨਾਂ ਦੀ ਗੱਲ ਸੁਣਨੋਂ ਬਚਦੇ ਰਹੇ ਹੋਵੀਏ।

ਇਸ ਦਿਸਦੀ ਦੁਨੀਆਂ ਨੂੰ ਅਮਲੀ ਰੂਪ ਵਿਚ ਕੇਵਲ ਇਹ ਛੋਟੇ ਮਾਸੂਮ ਬੱਚੇ ਹੀ ਵੇਖ ਸਕਦੇ ਨੇ। ਸਾਡੇ ਕੋਲ ਤਾਂ ਹੋਰ ਹੀ ਬਥੇਰੇ ਝਮੇਲੇ ਨੇ। ਮੈਂ ਉਚੇ ਪਹਾੜਾਂ ਵਿਚੋਂ ਫੁਟਕੇ ਉਹ ਝਰਨੇ ਵੀ ਤੱਕੇ ਨੇ, ਜਿਹਨਾਂ ਦਾ ਪਾਣੀ ਆਪਣੇ ਸਫਰ ਦੇ ਅਰੰਭ ਵਿਚ ਬਹੁਤ ਹੀ ਪਾਕਿ ਤੇ ਪਵਿੱਤਰ ਹੁੰਦਾ ਹੈ। ਪਰ ਜਦੋਂ ਉਹੋ ਪਾਣੀ ਦਰਿਆ ਦੇ ਰੂਪ ਵਿਚ ਸਮੁੰਦਰ ਵਲ ਵਧਦਾ ਹੈ ਤਾਂ ਉਹਦੇ ਵਿਚ ਪਹਾੜੀ ਝਰਨੇ ਵਾਲੀ ਤੇਜ਼ੀ ਵੀ ਨਹੀਂ ਰਹਿੰਦੀ ਅਤੇ ਪਵਿੱਤਰਤਾ ਵੀ ਨਹੀਂ। ਇਕ ਬੱਚੇ ਦਾ ਮਨ ਵੀ ਇਸੇ ਤਰ੍ਹਾਂ ਹੀ ਆਪਣਾ ਰੂਪ ਤਬਦੀਲ ਕਰਦਾ ਹੈ। ਜਿਵੇਂ ਹੀ ਉਹ ਵੱਡਾ ਹੁੰਦਾ ਹੈ। ਜ਼ਮਾਨੇ ਦੀ ਹਵਾ ਤੇ ਗਰਦ ਉਸਦੀ ਪਵਿੱਤਰਤਾ ਨੂੰ ਖਤਮ ਕਰਦੀ ਜਾਂਦੀ ਹੈ।

ਇਕ ਵਾਰ ਇਸ ਤਰ੍ਹਾਂ ਹੋਇਆ ਕਿ ਮੇਰੇ ਛੋਟੇ ਸਕੂਲ ਪੜਦੇ ਬੱਚੇ ਦਾ ਖੇਡਦਿਆਂ ਹੋਇਆਂ ਗਿੱਟਾ ਟੁੱਟ ਗਿਆ। ਉਹਦੇ ਚਿਹਰੇ ਤੇ ਵੀ ਝਰੀਟਾਂ ਪੈ ਗਈਆਂ। ਸਭ ਤੋਂ ਪਹਿਲਾਂ ਉਹਨੂੰ ਸਕੂਲ ਵਾਲਿਆਂ ਨੇ ਸੰਭਾਲਿਆ ਪਰ ਜਦੋਂ ਉਨ੍ਹਾਂ ਨੇ ਵੇਖਿਆ ਕਿ ਸੱਟ ਬਹੁਤੀ ਲੱਗੀ ਹੈ ਤਾਂ ਉਹ ਬੱਚੇ ਨੂੰ ਘਰ ਛੱਡ ਗਏ। ਉਸ ਵੇਲੇ ਮੈਂ ਕੰਮ 'ਤੇ ਗਿਆ ਹੋਇਆ ਸੀ। ਮੇਰੀ ਪਤਨੀ ਨੇ ਤੁਰੰਤ ਮੈਨੂੰ ਬੁਲਾਇਆ ਅਤੇ ਅਸੀਂ ਉਸ ਨੂੰ ਹਸਪਤਾਲ ਵਿਚ ਲੈ ਗਏ। ਉਸ ਹਸਪਤਾਲ ਵਿਚ ਉਸ ਵੇਲੇ ਟੁੱਟੇ ਹੋਏ ਅੰਗਾਂ ਦੀ ਮੱਲਮਪੱਟੀ ਕਰਨ ਵਾਲਾ ਕੋਈ ਡਾਕਟਰ ਨਹੀਂ ਸੀ, ਜਿਸ ਕਰਕੇ ਸਾਨੂੰ ਵੱਡੇ ਸ਼ਹਿਰ ਜਾਣਾ ਪਿਆ। ਰਾਹ ਵਿਚ ਅਸਾਂ ਆਪਸ ਵਿਚ ਕੋਈ ਵੀ ਗੱਲ ਨਾ ਕੀਤੀ। ਬੱਚੇ ਨੂੰ ਵੀ ਕੁਝ ਨਾ ਕਿਹਾ। ਅਸੀਂ ਅੰਤਾਂ ਦੇ ਗੰਭੀਰ ਸਾਂ।

ਸਾਨੂੰ ਬਹੁਤ ਹੀ ਗੰਭੀਰ ਵੇਖ ਕੇ ਸਾਡਾ ਬੱਚਾ ਪ੍ਰੇਸ਼ਾਨੀ ਨਾਲ ਬੋਲਿਆ, "ਕੀ ਮੈਂ ਮਰ ਜਾਵਾਂਗਾ ?"

ਕਿਸੇ ਵੀ ਬੱਚੇ ਦੀ ਇਹ ਗੱਲ ਸੁਣ ਕੇ ਮਾਪੇ ਹੱਸ ਪੈਣਗੇ। ਕਿਉਂਕਿ ਸਾਨੂੰ ਪਤਾ ਹੈ ਕਿ ਚਿਹਰੇ 'ਤੇ ਸੱਟ ਦੀਆਂ ਝਰੀਟਾਂ ਪੈ ਜਾਣ 'ਤੇ ਜਾਂ ਗਿੱਟਾ ਟੁੱਟ ਜਾਏ ਤਾਂ ਕੋਈ ਮਰ ਨਹੀਂ ਜਾਂਦਾ। ਹਾਂ, ਇਸ ਗੱਲ ਦਾ ਹਰ ਕਿਸੇ ਨੂੰ ਪਤਾ ਨਹੀਂ ਹੈ। ਪਰ ਇਕ ਛੋਟੇ ਬੱਚੇ ਨਾਲ ਇਸ ਤਰ੍ਹਾਂ ਦੀ ਦੁਰਘਟਨਾ ਕਦੀ ਨਹੀਂ ਹੁੰਦੀ। ਇਸ ਲਈ, ਉਹ ਕੁਝ ਨਹੀਂ ਜਾਣਦਾ। ਕਈ ਬੱਚਿਆਂ ਨੇ ਤਾਂ ਸ਼ਾਇਦ ਕਦੀ ਕੋਈ ਦੁਰਘਟਨਾ ਵੇਖੀ ਵੀ ਨਾ ਹੋਏ।

ਬੱਚੇ ਦੀ ਇਸ ਗੱਲ ਨੇ ਸਾਨੂੰ ਝੰਜੋੜ ਕੇ ਰੱਖ ਦਿਤਾ। ਮੈਂ ਸੋਚ ਰਿਹਾ ਸਾਂ ਕਿ ਦੁਰਘਟਨਾ ਵੇਲੇ ਉਸ ਬੱਚੇ ਦੀ ਸੱਟ ਬਾਰੇ ਤਾਂ ਹਰ ਕੋਈ ਸੋਚ ਰਿਹਾ ਸੀ ਪਰ ਉਹਦੇ ਦਿਲ 'ਤੇ ਲੱਗੀ ਸੱਟ ਵਲ ਕਿਸੇ ਨੇ ਵੀ ਧਿਆਨ ਨਹੀਂ ਦਿਤਾ ਜੋ ਕਿ ਇਕ ਬਹੁਤ ਹੀ ਜ਼ਰੂਰੀ ਅਮਲ ਸੀ। ਇਸੇ ਤਰ੍ਹਾਂ ਹੀ ਇਕ ਦਿਨ ਮੈਂ ਦਫਤਰੋਂ ਪਰਤ ਕੇ ਇਕ ਛੋਟੀ ਜਿਹੀ ਗੱਲ 'ਤੇ ਆਪਣੇ ਬੱਚੇ ਨੂੰ ਬੜਾ ਝਾੜਿਆ। ਜਿਸ ਵੇਲੇ ਮੇਰੀ ਬਕੜਵਾਹ ਖਤਮ ਹੋ ਗਈ ਤਾਂ ਸਿਰ ਨੀਵਾਂ ਕੀਤੀ ਖਲੋਤੇ ਬੱਚੇ ਨੇ ਪਲਕੜੇ ਜਿਹੇ ਕਿਹਾ "ਮੈਂ ਕੋਈ ਏਡੀ ਗਲਤੀ ਤਾਂ ਨਹੀਂ ਸੀ ਕਰ ਦਿੱਤੀ...ਜੋ ਤੁਸਾਂ...?"

ਉਸ ਦੀ ਗੱਲ ਬਿਲਕੁਲ ਠੀਕ ਸੀ ਭਾਵੇਂ ਕਿ ਉਸ ਵੇਲੇ ਮੈਂ ਇਸ ਗੱਲ ਨੂੰ ਸਵੀਕਾਰ ਨਹੀਂ ਕੀਤਾ। ਪਰ ਹੁਣ ਵੀ ਜਦੋਂ ਮੈਂ ਕਿਸੇ ਛੋਟੀ ਜਿਹੀ ਗੱਲ ਖਾਤਰ ਬਕੜਵਾਹ ਕਰਨ ਲੱਗਦਾ ਹਾਂ ਤਾਂ ਮੈਨੂੰ ਉਹਦੇ ਕਹੇ ਹੋਏ ਸ਼ਬਦ ਚੇਤੇ ਆ ਜਾਂਦੇ।

ਇਸ ਲਈ, ਤੁਸੀਂ ਵੀ ਆਪਣੇ ਬੱਚਿਆਂ ਨੂੰ ਜ਼ਰੂਰ ਸੁਣੋ। ਜੇ ਕਿਸੇ ਵੇਲੇ ਉਨ੍ਹਾਂ ਦੀ ਝਾੜ ਝੰਬ ਕਰਨੀ ਹੋਵੇ, ਤਾਂ ਉਹ ਵੀ ਕਰੋ ਪਰ ਵੱਡੀ ਗੱਲ ਇਹ ਹੈ—ਕਿ ਉਹਨਾਂ ਦੀ ਗੱਲ ਸੁਣੋ।...ਤੁਸੀ ਹੈਰਾਨ ਹੋਵੋਗੇ ਕਿ ਤੁਸੀਂ ਕੁਝ ਨਵਾਂ ਸਿੱਖ ਰਹੇ ਹੋ।



Sri Satguru Jagjit Singh Ji Elibrary NamdhariElibrary@gmail.com

# ਚੈਂਪੀਅਨ ਟ੍ਰਾਫੀ ਹਾਕੀ ਟੂਰਨਾਮੈਂਟ

ਹਾਲੈਂਡ ਦੀ ਰਾਜਧਾਨੀ ਐਮਸਟਰਡੈਮ ਵਿਚ ਹੋਏ ਚੈਂਪੀਅਨ ਟਰਾਫੀ ਹਾਕੀ ਟੂਰਨਾਮੈਂਟ ਵਿਚ ਭਾਰਤ ਦੀ ਟੀਮ ਮਾਂ ਮ੍ਰਿਟਰਾਂ ਵਾਂਗ ਗਈ ਸੀ। ਜਾਣ ਤੋਂ ਪਹਿਲਾਂ ਵਡੇ ਖਿਡਾਰੀਆਂ ਦੀ ਕੱਢ-ਕਢਾਈ ਰੋਸ ਵਾਕ-ਆਊਟ ਅਤੇ ਬਿਆਨਬਾਜ਼ੀ ਹੋਈ ਸੀ। ਫੇਰ ਇਸ ਟੀਮ ਨੇ ਦੋ ਮੈਚਾਂ ਵਿਚ ਪਾਕਿਸਤਾਨ ਹੱਥੋਂ ਡੁਬਈ ਵਿਚ ਕਰਾਰੀ ਹਾਰ ਖਾਧੀ। ਦੇਸ਼ ਵਿਚ ਇਹ ਆਵਾਜ਼ ਵੀ ਉਠੀ ਕਿ ਭਾਰਤ ਨੂੰ ਹਾਲੈਂਡ ਵਿਚ ਹੋਣ ਵਾਲੇ ਛੇ ਦੇਸ਼ਾਂ ਦੇ ਟੂਰਨਾਮੈਂਟ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ। ਭਾਰਤ ਦੀ ਟੀਮ ਨੂੰ ਹਿੱਸਾ ਲੈਣ ਤੋਂ ਤਾਂ ਨਾ ਰੋਕਿਆ ਗਿਆ ਪਰ ਨਾ ਤਾਂ ਰੇਡੀਓ ਤੋਂ ਕੁਮੈਂਟਰੀ ਦਾ ਪ੍ਰਬੰਧ ਕੀਤਾ ਗਿਆ ਅਤੇ ਨਾ ਹੀ ਟੈਲੀਵੀਜਨ ਤੋਂ ਇਹ ਮੈਚ ਵਖਾਉਣ ਵਾਸਤੇ ਕੋਈ ਹੀਲਾ ਕੀਤਾ ਗਿਆ (ਟੈਲੀਵੀਯਨ ਵਾਲਿਆਂ ਕੋਲ ਲੋਕਾਂ ਨੂੰ ਵਖਾਉਣ ਵਾਸਤੇ ਫਿਲਮਾਂ ਅਤੇ ਫਿਲਮੀ ਨਾਚ ਗਾਨਿਆਂ ਦੇ ਬ-ਸ਼ੁਮਾਰ ਪ੍ਰੋਗਰਾਮ ਹਨ। ਇਸ ਵਾਸਤੇ ਟੂਰਨਾਮੈਂਟਾਂ ਦੀ ਕੀ ਪਰਵਾਹ ਹੈ)

ਪਿਛਲੇ ਸਮੇਂ ਵਿਚ ਹਾਕੀ ਦੇ ਖੇਤਰ ਵਿਚ ਬਹੁਤ ਸਾਰੀਆਂ ਯੂਰਪੀਨ ਜਾਂ ਯੂਰਪੀਨ ਮੂਲ ਦੀਆਂ ਟੀਮਾਂ ਮੁਖ ਤੌਰ ਤੇ ਉਭਰੀਆਂ ਹਨ। ਹਾਲੈਂਡ, ਜਰਮਨੀ, ਸਪੇਨ, ਆਸਟ੍ਰੇਲੀਆ, ਨਿਊਜ਼ੀਲੈਂਡ ਨੇ ਵੱਖ ਵੱਖ ਸਮਿਆਂ ਤੇ ਆਪਣੀ ਸ਼ਕਤੀਸ਼ਾਲੀ ਹੋਂਦ ਦਾ ਪ੍ਰਗਟਾਵਾ ਕੀਤਾ ਹੈ। ਦੂਸਰੇ ਬੰਨੇ ਏਸ਼ੀਆ ਦੀਆਂ ਟੀਮਾਂ ਵਿਚੋਂ ਪਾਕਿਸਤਾਨ, ਭਾਰਤ, ਮਲਾਏਸ਼ੀਆ ਦੀਆਂ ਟੀਮਾਂ ਅਤੇ ਅਫਰੀਕਾ ਉਪ ਮਹਾਂਦੀਪ ਵਿਚੋਂ ਕੀਨੀਆਂ ਹੀ ਹਾਕੀ ਖੇਲਣ ਵਾਲੀਆਂ ਧਿਰਾਂ ਰਹੀਆਂ ਹਨ। ਹੁਣ ਏਸ਼ੀਆ ਤੇ ਯੂਰਪ ਦੇ ਸਾਂਝੇ ਦੇਸ਼ ਸੋਵੀਅਤ ਯੂਨੀਅਨ (ਰੂਸ) ਨੇ ਵੀ ਇਸ ਮੈਦਾਨ ਵਿਚ ਮਜ਼ਬੂਤ ਪੈਰ ਪਾਇਆ ਹੈ।

ਹਾਕੀ ਜਗਤ ਵਿਚ ਸੰਨ ੧੯੪੭ ਤੋਂ ਪਹਿਲਾਂ ਭਾਰਤ ਦਾ ਬੇ-ਖਟਕਾ ਰਾਜ ਰਿਹਾ। ਦੇਸ਼ ਦੀ ਵੰਡ ਬਾਅਦ ਕੁਦਰਤੀ ਤੌਰ ਤੇ ਹਾਕੀ ਦੀ ਖੇਡ ਵਿਚ ਪਾਕਿਸਤਾਨ ਦਾ ਨਾਂ ਉਜਾਗਰ ਰੂਪ ਵਿਚ ਪ੍ਰਗਟ ਹੋਇਆ ਅਤੇ ਹੌਲੀ ਹੌਲੀ ਪਾਕਿਸਤਾਨ ਭਾਰਤ ਤੋਂ ਅਗੇ ਹੋ ਗਿਆ। ਭਾਰਤ ਨੇ ਇਕ ਵਾਰ ਭਾਵੇਂ ਵਿਸ਼ਵ ਕੱਪ ਜਿਤਿਆ ਪਰ ਉਲੰਪਕ ਜਾਂ ਏਸ਼ੀਆਈ ਖੇਡਾਂ ਵਿਚ ਉਹ ਲੰਮੇ ਸਮੇਂ ਤੋਂ ਪਛੜਿਆ ਰਿਹਾ ਹੈ। ਅਤੇ ਹੁਣ ਜੇ ਭਾਰਤ ਕਿਸੇ ਟੀਮ ਕੋਲੋਂ ਪੰਜ-ਛੇ ਗੋਲਾਂ ਨਾਲ ਹਾਰ ਜਾਵੇ ਤਾਂ ਦੁਖ ਭਾਵੇਂ ਹੋਵੇ ਹੈਰਾਨੀ ਨਹੀਂ ਹੁੰਦੀ ਕਈਆਂ ਸਮਿਆਂ 'ਚ ਤਾਂ ਇਹ ਵੀ ਭਾਸਨ ਲਗਾ ਕਿ ਭਾਰਤ ਹੁਣ ਵਡਿਆਂ ਮੁਕਾਬਲਿਆਂ ਵਿਚੋਂ ਬਿਲਕੁਲ ਬਾਹਰ ਹੀ ਹੋ ਜਾਵੇਗਾ ਕਿਉਂਕਿ ਓਲੰਪਿਕ ਜਾਂ ਵਿਸ਼ਵ-ਕੱਪ ਮੁਕਾਬਲਿਆਂ ਵਿਚੋਂ ਉਤਲੇ ਦਰਜੇ ਤੇ ਆਈਆਂ ਟੀਮਾਂ ਹੀ ਅਗੋਂ ਇਹਨਾਂ ਵਿਚ ਨਿਸਚਿਤ ਤੌਰ ਤੇ ਭਾਗ ਲੈ ਸਕਦੀਆਂ ਹਨ। ਪਰ ਭਾਵੇਂ ਇਹਨਾਂ ਮੁਕਾਬਲਿਆਂ ਵਿਚ ਭਾਰਤ ਸਭ ਦਾ ਜੇਤੂ (ਚੈਂਪੀਅਨ) ਨਾ ਰਿਹਾ ਹੋਵੇ ਪਰ ਜਿਵੇਂ ਕਿਵੇਂ ਉਤਲੇ ਛੇ ਮੁਲਕਾਂ ਵਿਚ ਉਸ ਦਾ ਨਾਮ ਰਿਹਾ ਹੈ। ਸੰਨ ੧੯੮੦ ਵਿਚ ਮਾਸਕੋ ਓਲੰਪਿਕਸ ਵਿਚ ਪਾਕਿਸਤਾਨ ਅਤੇ ਬਹੁਤੇ ਯੂਰਪੀਨ ਦੇਸ਼ਾਂ ਨੇ ਰੋਸ ਵਜੋਂ ਭਾਗ ਨਾ ਲਿਆ ਤੇ ਭਾਰਤ ਇਕ ਵਾਰ ਫੇਰ ਓਲੰਪਿਕ ਚੈਂਪੀਅਨ ਬਣ ਗਿਆ।

ਪਰ ਪਿਛਲੇ ਸਾਲ ਹੀ ਬੰਬਈ ਵਿਚ ਹੋਏ ਵਿਸ਼ਵ-ਕੱਪ ਮੁਕਾਬਲਿਆਂ ਵਿਚ ਭਾਰਤ ਆਪਣੇ ਹੀ ਦੇਸ਼ ਵਿਚ ਪੰਜਵੇਂ ਨੰਬਰ ਤੇ ਆਇਆ। ਇਸ ਵਿਚ ਪਾਕਿਸਤਾਨ ਇਕ ਨੰਬਰ ਤੇ ਅਤੇ ਪੱਛਮੀ ਜਰਮਨੀ ਦੋ ਨੰਬਰ ਤੇ ਆਇਆ ਸੀ। ਉਸ ਬਾਅਦ ਹਾਕੀ ਅਧਿਕਾਰੀਆਂ ਦਾ ਆਪਸ ਵਿਚ ਅਤੇ ਖਿਡਾਰੀਆਂ ਨਾਲ ਛਿਤਰ ਪੌਲਾ ਹੋਇਆ। ਅਤੇ ਜਦੋਂ ਟੀਮ ਹਾਲੈਂਡ ਵਾਸਤੇ ਗਈ ਤਾਂ ਨਾ ਕਿਸੇ ਸਗਨ ਸੁਆਰਥ ਕੀਤਾ ਨਾ ਕਿਸੇ ਅਸੀਸ ਦਿਤੀ। ਆਖਰਕਾਰ ਜਿਹੜੀ ਟੀਮ ਕਾਫੀ ਤਿਆਰੀ ਬਾਅਦ ਵੀ ਆਪਣੇ ਹੀ ਦੇਸ਼ ਵਿਚ ਬਹੁਤ ਥਲੇ ਰਹਿ ਜਾਂਦੀ ਹੈ ਉਹ ਬਾਹਰਲੇ ਮੁਲਕ ਦੇ ਮੈਦਾਨ ਵਿਚ ਉਹਨਾਂ ਹੀ ਟੀਮਾਂ ਵਿਰੁਧ ਕੀ ਕਰ ਸਕਦੀ।

ਪਰ ਹਾਲੈਂਡ ਵਿਚ ਹੋਏ ਇਹਨਾਂ ਮੁਕਾਬਲਿਆਂ ਵਿਚ ਭਾਰਤ ਨੇ ਵਿਸ਼ਵ-ਕੱਪ ਮੁਕਾਬਲਿਆ ਦੇ ਉਪਰਲੇ ਦੋਹਾਂ ਦੇਸ਼ਾਂ, ਪਾਕਿਸਤਾਨ ਅਤੇ ਜਰਮਨੀ ਨੂੰ ਹਰਾਇਆ। ਰੂਸ ਨੂੰ ਵੀ ਹਰਾਇਆ। ਅਤੇ ਪਾਕਿਸਤਾਨ ਤੋਂ ਉਪਰ ਹੋ ਕੇ ਟੂਰਨਾਮੈਂਟ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ। ਹਾਲੈਂਡ



Sri Satguru Jagjit Singh Ji Elibrary NamdhariElibrary@gmail.com

ਅਤੇ ਅਸਟਰੇਲੀਆਂ ਕੋਲੋਂ ਭਾਵੇਂ ਹਾਰ ਹੋਈ ਪਰ ਇਹਨਾਂ ਮੁਕਾਬਲਿਆਂ ਵਿਚ ਹਾਲੈਂਡ ਨੂੰ ਛੱਡ ਕੇ ਹਰ ਟੀਮ ਕਿਸੇ ਨਾ ਕਿਸੇ ਟੀਮ ਕੋਲੋਂ ਹਾਰੀ।

ਇਸ ਟੂਰਨਾਮੈਂਟ ਵਿਚ ਭਾਰਤੀ ਖਿਲਾੜੀਆਂ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਖਾਸ ਕਰਕੇ ਰਾਜਿੰਦਰ ਸਿੰਘ ਨੇ ਸ਼ਾਟ ਕਾਰਨਰ ਦੇ ਗੋਲ ਕਰਕੇ ਪ੍ਰਸਿਧੀ ਪ੍ਰਾਪਤ ਕੀਤੀ। ਟੀਮ ਦੇ ਪ੍ਰਦਰਸ਼ਨ ਬਾਰੇ ਵੱਖ ਵੱਖ ਮੈਚਾਂ ਬਾਰੇ ਖਿਲਾੜੀਆਂ ਦੀ ਖੇਡ ਬਾਰੇ ਐਪਾਇਰਿੰਗ ਬਾਰੇ ਅਤੇ ਹੋਰ ਵਿਸ਼ਿਆਂ ਬਾਰੇ ਲੰਬੀ ਤੇ ਉਸਾਰੂ ਬਹਿਸ ਹੋ ਸਕਦੀ ਹੈ ਅਤੇ ਹੋਣੀ ਚਾਹੀਦੀ ਹੈ। (ਜੇ ਹਾਕੀ ਵਿਚ ਕਹਿੰਦੇ ਕਹਾਉਂਦੇ ਸਜਨ ਇਸ ਬਾਰੇ ਕੁਝ ਕਰਨ ਤਾਂ ਇਹ ਗੱਲ ਲਾਹੇਵੰਦੀ ਹੋਵੇਗੀ)। ਪਰ ਇਕ ਨਾਮ ਜੋ ਇਸ ਟੂਰਨਾਮੈਂਟ ਵਿਚੋਂ ਵਿਸ਼ੇਸ਼ ਕਰਕੇ ਉਭਰ ਕੇ ਆਇਆ ਹੈ ਉਹ ਹੈ ਟੀਮ ਮੈਨੇਜਰ ਸ: ਬਲਬੀਰ ਸਿੰਘ ਦਾ ਸੰਨ ੧੯੪੮-੫੨ ਅਤੇ ੫੬ ਵਿਚ ਭਾਰਤ ਦੀਆਂ ਉਲੰਪਿਕ ਜੇਤੂ ਟੀਸਾਂ ਦਾ ਹੀਰੋ ਅਤੇ ੧੯੭੫ ਵਿਚ ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦਾ ਮੈਨੇਜਰ ਸ: ਬਲਬੀਰ ਸਿੰਘ ਇਵੇਂ ਥੋਹੜੇ ਸਮੇਂ ਵਿਚ ਕੱਠੇ ਕੀਤੇ ਖਿਡਾਰੀਆਂ ਵਿਚ ਖੇਡਣ ਦੀ ਉਹ ਸਪਿਰਟ ਭਰ ਗਿਆ ਕਿ ਉਹਨਾਂ ਇਸ ਟੂਰਨਾਮੈਂਟ ਦੇ ਯਾਦਗਾਰੀ ਮੈਚ ਖੇਲੇ।

ਇਸ ਟੂਰਨਾਮੈਂਟ ਵਿਚੋਂ ਇਕ ਗੱਲ ਖੁਸ਼ੀ ਅਤੇ ਤਸਲੀ ਵਾਲੀ ਉਭਰੀ ਹੈ ਅਤੇ ਇਕ ਫਿਕਰਮੰਦੀ ਵਾਲੀ।

ਤੱਸਲੀ ਵਾਲੀ ਗੱਲ ਤਾਂ ਇਹ ਹੈ ਕਿ ਭਾਰਤ ਨੇ ਪਾਕਿਸਤਾਨ ਨੂੰ ਜਾਨ ਹੂਲਵੇਂ ਮੈਚ ਵਿਚ ਹਰਾਇਆ। ਇਹ ਕਹਿਣ ਵਾਲੇ ਤਾਂ ਇਥੋਂ ਤੱਕ ਕਹਿ ਗਏ ਹਨ ਕਿ ਇਹ ਇਸ ਸਦੀ ਦਾ ਯਾਦਗਾਰੀ ਮੈਚ ਸੀ। ਅਤੇ ਇਹ ਕੋਈ ਮੌਕਾ ਲੱਗਣ ਵਾਲੀ ਗੱਲ ਨਹੀਂ ਸੀ ਸਗੋਂ ੩-੦ ਦੇ ਸਕੋਰ ਤਕ ਥਲੇ ਜਾਣ ਬਾਅਦ ਮੁੰਡਿਆਂ ਹਿੰਮਤ ਕੀਤੀ ਅਤੇ ਚਾਰ ਦੇ ਮੁਕਾਬਲੇ ਪੰਜ ਗੋਲ ਕਰ ਕੇ ਸਪਸ਼ਟ ਜਿੱਤ ਪ੍ਰਾਪਤ ਕੀਤੀ। ਪਾਕਿਸਤਾਨ ਟੀ. ਵੀ ਤੇ ਜਿਨ੍ਹਾਂ ਇਹ ਮੈਚ ਵੇਖਿਆ ਹੈ ਉਹਨਾਂ ਨੂੰ ਪਤਾ ਹੈ ਕਿ ਮੁੰਡੇ ਕਿਵੇਂ, ਚੜ੍ਹ ਕੇ ਖੇਡੇ ਸਨ। ਖੇਡ ਵਿਚ ਹਾਰ ਜਿੱਤ ਤਾਂ ਹੁੰਦੀ ਹੀ ਰਹਿੰਦੀ ਹੈ ਪਰ ਹੈ ਪਰ ਪਾਕਿਸਤਾਨ ਦੀ ਟੀਮ ਦੀ ਬੇਹਤਰੀ ਦਾ ਮਨੋ ਵਿਗਿਆਨਕ ਭੈ ਹਰ ਵੇਲੇ ਪਿੱਛਾ ਕਰਦਾ ਸੀ। ਉਸ ਭੈ ਨੂੰ ਜਵਾਨ ਖਿਡਾਰੀਆ ਨੇ ਮਿਟਾਇਆ ਹੈ। ਅਤੇ ਅਗੋਂ ਖਾਮੀਆਂ ਨੂੰ ਜੇ ਬਾਰੀਕੀ ਨਾਲ ਦੂਰ ਕੀਤਾ ਜਾਵੇ ਤਾਂ ਏਸ਼ੀਆਈ ਖੇਡਾਂ ਵਿਚ ਕੁਝ ਹੋਰ ਚੰਗਾ ਕਰ ਗੁਜ਼ਰਨ ਦੀ ਉਮੀਦ ਬੱਝੀ ਹੈ।

ਫਿਕਰਮੰਦੀ ਦੀ ਗੱਲ ਇਹ ਹੋਈ ਹੈ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਨੂੰ ਯੂਰਪੀਨ ਟੀਮਾਂ ਕੋਲੋਂ ਕਰਾਰੀ ਹਾਰ ਵੀ ਹੋਈ ਹੈ। ਭਾਰਤ ਆਸਟਰੇਲੀਆ ਕੋਲੋਂ ੭-੨ ਤੇ ਹਾਰਿਆ ਅਤੇ ਪਾਕਿਸਤਾਨ ਹਾਲੈਂਡ ਕੋਲੋਂ ੭-੨ ਤੇ ਹਾਰਿਆ। ਜੇ ਭਾਰਤ ਇਕ ਅੱਧੇ ਗੋਲ ਨਾਲ ਹਾਰਦਾ ਤਾਂ ਇਹ ਹਾਰ ਦੁਖਦਾਈ ਵੀ ਨਾ ਹੁੰਦੀ ਤੇ ਟੂਰਨਾਮੈਂਟ ਵਿਚ ਇਸ ਦਾ ਦਰਜਾ ਵੀ ਦੂਸਰਾ ਹੁੰਦਾ। ਅਤੇ ਪਾਕਿਤਸਾਨ ਤਾਂ ਪਹਿਲੀ ਵਾਰੀ ਏਨੇ ਫਰਕ ਨਾਲ ਕਿਸੇ ਕੋਲੋਂ ਹਾਰਿਆ ਹੈ। ਉਹਨਾਂ ਤੇ ਕੀ ਬੀਤੀ ਉਹ ਹੀ ਜਾਣਦੇ ਹਨ। ਪਾਕਿਸਤਾਨ ਦੀ ਟੀਮ ਤਾਂ ਭਰਪੂਰ ਸਰਕਾਰੀ ਮਿਲਵਰਤਣ ਨਾਲ ਤਿਆਰ ਹੁੰਦੀ ਹੈ ਅਤੇ ਉਹਨਾਂ ਦੀਆਂ ਭਾਵਨਾਵਾਂ ਹਾਕੀ ਪ੍ਰਤੀ ਬਹੁਤ ਪ੍ਰਬਲ ਹਨ।

ਸੋਚਣ ਵਾਲੀ ਗੱਲ ਇਹ ਹੈ ਕਿ ਕੀ ਏਸ਼ੀਆਈ ਹਾਕੀ ਦਾ ਹੁਣ ਬੋਲ-ਬਾਲਾ ਹੋਵੇਗਾ ਕਿ ਨਹੀਂ। ਪਾਕਿਸਤਾਨ ਭਾਰਤ ਦੀ ਹਾਰ ਏਸ਼ੀਆਈ ਹਾਕੀ, ਕਲਾ ਪੂਰਨ ਹਾਕੀ ਦੀ ਹਾਰ ਹੋਈ ਹੈ।

ਅੱਜ ਦਿਨ ਬਦਿਨ ਹਾਕੀ ਦੇ ਅਸੂਲਾਂ, ਕਾਨੂੰਨਾਂ ਵਿਚ ਅਜਿਹੀਆਂ ਤਬਦੀਲੀਆਂ ਹੋ ਰਹੀਆਂ ਹਨ ਜੋ ਯੂਰਪੀ ਖਿਲਾੜੀਆਂ ਦੀ ਸਿਹਤ, ਜਲ-ਵਾਯੂ, ਖੇਡ ਢੰਗ ਅਤੇ ਸੁਭਾਅ ਦੇ ਅਨੁਕੂਲ ਹੁੰਦੀਆਂ ਹਨ। ਅਤੇ ਇਹ ਤਬਦੀਲੀਆਂ ਲਗਾਤਾਰ ਹੋ ਰਹੀਆਂ ਹਨ। ਪੈਨਲਟੀ ਕਾਰਨਰ ਦੇ ਨਵੇਂ ਰੂਲਾਂ ਸਨਮੁਖ ਰੈਫਰੀ ਦੇ ਨਿਰਣੇ ਜੇ ਹਵਾ ਭਰ ਵੀ ਉਲਾਰ ਹੋਣ ਤਾਂ ਸਿਟੇ ਕੁਝ ਦੇ ਕੁਝ ਹੋ ਜਾਂਦੇ ਹਨ। ਇਸ ਟੂਰਨਾਮੈਂਟ ਵਿਚ ਵੀ ਹੋਇਆ ਹੈ। ਇਹ ਗਲ ਐਵੇਂ ਸੁਟਣ ਵਾਲੀ ਨਹੀਂ ਕਿ ਇਹਨਾਂ ਟੂਰਨਾਮੈਂਟਾਂ ਵਿਚ ਬਹੁਤੀਆਂ ਹਾਰਾਂ ਐਂਪਾਇਰਾਂ ਹਥੋਂ ਹੀ ਹੋਇਆਂ ਹਨ। ਭਾਰਤ-ਪਾਕਿ ਅਤੇ ਹੋਰ ਦੇਸ਼ਾਂ ਨੂੰ ਇਸ ਬਾਰੇ ਸਿਰ ਜੋੜ ਕੇ ਸੋਚਣਾ ਪਵੇਗਾ ਅਤੇ ਅੰਤਰਾਸ਼ਟਰੀ ਹਾਕੀ ਮੰਚ ਤੇ ਆਪਣੀ ਆਵਾਜ਼ ਨੂੰ ਹੋਰ ਸ਼ਕਤੀਸ਼ਾਲੀ ਕਰਨਾ ਹੋਵੇਗਾ।

ਇਸ ਟੂਰਨਾਮੈਂਟ ਨੇ ਇਹ ਸਾਬਤ ਕੀਤਾ ਹੈ ਕਿ ਭਾਰਤ ਨੇ ਹਾਕੀ ਦੇ ਮਾਮਲੇ ਵਿਚ ਸਭ ਕੁਝ ਲੁਟਾ ਨਹੀਂ ਦਿਤਾ। ਬਚੀ ਪੂੰਜੀ ਨੂੰ ਜੇ ਸੁਹਿਰਦਤਾ ਨਾਲ ਵਰਤਿਆ ਜਾਵੇ, ਯੋਗਤਾ ਅਤੇ ਈਮਾਨਦਾਰੀ ਨੂੰ ਧੁਰਾ ਬਨਾਇਆ ਜਾਵੇ ਅਤੇ ਹਾਕੀ ਦੇ ਪਰਬੰਧਕ ਮਾਮਲੇ ਵਿਚ ਪੱਸਰੀ ਧੁੰਦ ਦੂਰ ਕੀਤੀ ਜਾਵੇ ਤਾਂ ਮੁੜ ਚਾਨਣ ਹੋ ਸਕਦਾ ਹੈ।
ਟੀਮ ਦੇ ਖਿਡਾਰੀਆਂ ਅਤੇ ਸ: ਬਲਬੀਰ ਸਿੰਘ ਨੂੰ ਅਸੀਸ ਅਤੇ ਵਧਾਈ ਹੈ।

**ਜਗਦੀਸ਼ ਸਿੰਘ**



Sri Satguru Jagjit Singh Ji Elibrary NamdhariElibrary@gmail.com

FOR BEST QUALITY & PERFORMANCE
Ask for
JAYSON PRODUCTS



- ELECTRIC MOTORS
- GRINDERS
- POLISHERS
- EXHAUST FANS

Show Room :

**Jayson Sales Corpn.**

3832/10 Shardha Nand Marg
(G. B. Road)
Behind M. C. Primary School
DELHI-110006.
Phone : 525795

Manufacturers

**Jayson Electric Company**

Factory :
WH-2, PHASE 1
Industrial Area,
Sat Guru Ram Singh Marg
Maya Puri. NEW DELHI-110064
Phone : 594536

Sister concern :

**Jayson Enterprises**

WH-4, Phase 1
Industrial Area,
SatGuru Ram Singh Marg,
Maya Puri, NEW DELHI-110064.

REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 380

**MODERN GUN WORK**

Opp. Industrial Estate,

JAMMU CANTT.



Sri Satguru Jagjit Singh Ji Elibrary NamdhariElibrary@gmail.com

ਕਵਿਤਾ

## "ਭੈਅ"

(ਤਰਲੋਕ ਮਨਸੂਰ)

"ਮੈਨੂੰ ਮੇਰੀ ਇਕੱਲਤਾ ਨੇ ਖਾ ਜਾਣਾ ਹੈ।"
ਇਹ ਅਹਿਸਾਸ ਮਾਰੂ,
ਮੇਰੇ ਸਿਰ ਤੇ ਸਵਾਰ ਰਹਿੰਦਾ ਹੈ।
ਕਿਸੇ ਬੇਨਕਸ਼ ਭੈਅ ਦਾ ਮਨਹੂਸ ਸਾਇਆ,
ਮੇਰੇ ਨਾਲ ਨਾਲ ਲਗਾਤਾਰ ਰਹਿੰਦਾ ਹੈ।
ਏਡਾ ਵਿਸ਼ਾਲ ਬ੍ਰਹਿਮੰਡ, ਤੇ ਮੈਂ ਇਕ ਨਿਗੂਣਾ ਅਣੂੰ ?
ਕੀ ਪਤਾ ਹੋਣੀ ਕਦੋਂ ਪੈਰ ਧਰਕੇ—
ਮੇਰੇ ਉਤੋਂ ਦੀ ਲੰਘ ਜਾਵੇ ?
ਇਕ ਸਾਹ ਦੀ ਵਿਥ ਉਤੇ—
ਜ਼ਿੰਦਗੀ ਤੇ ਮੌਤ ਖੜੀਆਂ ਹਨ।
ਇਹਨਾਂ ਸਾਹਾਂ ਦਾ ਕੀ ਭਰਵਾਸਾ ?
ਇਕ ਆਇਆ ਹੈ, ਦੂਜਾ ਨਾਂ ਆਵੇ ?
ਕਿਹੜੇ ਸ਼ਹਿਰ ਦੀ ਬੇਨਾਮ ਸੜਕ ਉਤੇ—
ਆ 'ਕੇ ਗੁਆਚਿਆ ਹਾਂ ?
ਪਤਾ ਨਾ ਲਗੇ, ਸਮਝ ਨਾ ਆਵੇ।
ਮੇਰੀ ਹੋਂਦ ਨੂੰ ਕਿਹਾ ਸਰਾਪ ਲਗਾ ਹੈ ?
ਡੂੰਘੇ, ਭਿਆਨਕ, ਪਤਾਲ ਅੰਦਰ—
ਕਦੇ ਉਭਰ ਆਵੇ, ਕਦੇ ਗੁੰਮ ਜਾਵੇ।
ਦਿਨੇ ਰਾਤੀਂ ਘੁਪ ਹਨੇਰ ਅੰਦਰ—
ਜੁਗਨੂਆਂ ਦੀ ਭਾਲ ਕਰਦਾ ਹਾਂ।
ਇਕ ਛਿਣ ਹੀ ਸਹੀ,
ਮੇਰੇ ਆਪੇ ਨੂੰ ਕੋਈ ਤਾਂ ਰੁਸ਼ਨਾ ਜਾਵੇ।
ਟੁਟਦੇ ਤਾਰੇ ਦੀ ਲੀਕ', ਮੇਰੀ ਤਕਦੀਰ ਬਣਦੀ ਹੈ।
ਫੜਨ ਫੜਨ ਕਰਦਾ ਹਾਂ—
ਪਰ ਮੁੱਠੀ 'ਚ ਨਾ ਆਵੇ।

## ਉਰਦੂ ਗ਼ਜ਼ਲ

—ਮੁਰਸ਼ਿਦ ਬੁਟਰਵੀ

ਮੇਰੀ ਇਸ ਪਿਆਸ ਕੀ ਕੁੱਛ ਕਦਰ ਬੜ੍ਹਾ ਦੀ ਜਾਏ
ਆਗ ਦੋ ਘੁੱਟ ਮੁਝੇ ਔਰ ਪਿਲਾ ਦੀ ਜਾਏ
ਨੰਗੀ ਟਹਿਣੀ ਕਾ ਹੈ ਯੇ ਫੂਲ ਇਸੇ ਮਤ ਮਸਲੋ
ਇਸ ਕੋ ਮੁਮਕਿਨ ਹੋ ਤੋ ਰੈਂਗੀਨ ਕਬਾ ਦੀ ਜਾਏ
ਮੈਂ ਤੋ ਕੋਇਲਾ ਹੂੰ ਮੇਰਾ ਰੰਗ ਉਜਾਗਰ ਕਰ ਕੇ
ਦੁਸ਼ਮਣੇ ਸ਼ਹਿਰ ਕੀ ਤਸਵੀਰ ਬਣਾ ਦੀ ਜਾਏ।
ਜ਼ਿੰਦਾ ਰਹਿਣਾ ਹੈ ਤੋ ਮਰਨਾ ਹੀ ਪੜੇਗਾ ਹਮ ਕੋ,
ਮੇਰੀ ਯਹਿ ਬਾਤ ਅਦੀਬੋਂ ਕੋ ਸੁਣਾ ਦੀ ਜਾਏ।
ਤਾਅਨੇ ਦੇਤੇ ਹੈ ਮੇਰੇ ਗਮ ਕੋ ਬਦਲਤੇ ਮੌਸਮ
ਹਾਕਮੇ ਵਕਤ ਕੋ ਜਲਦੀ ਸੇ ਸਦਾ ਦੀ ਜਾਏ।
ਪੂਰੇ ਅਰਮਾਨ ਕਰੇਗੀ ਯਹ ਤੁਮਾਰੇ ਯਾਰੋ।
ਰਾਹ ਕੇ ਢੇਰ ਕੇ ਕੋਇਲੋਂ ਕੋ ਹਵਾ ਦੀ ਜਾਏ।
ਜੀ ਮੇਂ ਆਤਾ ਹੈ ਹਥੇਲੀ ਪੇ ਜਮਾ ਕਰ ਸਰਸੋਂ
ਹਾਇ ਇਨ ਅਕਲ ਕੇ ਅੰਧੋਂ ਕੋ ਦਿਖਾ ਦੀ ਜਾਏ
ਯਹ ਹਕੀਕਤ ਹੈ ਕਿ ਬਾਗੀ ਨਾ ਰਹੇਗਾ ਕੁਛ ਭੀ
ਉਸ ਕੀ ਸ਼ੋਖੀ ਸੇ ਸ਼ਰਾਰਤ ਜੋ ਘਟਾ ਦੀ ਜਾਏ।
ਛੀਨ ਕੇ ਮੁਝ ਸੇ ...ਰੇ-ਸੀਨ ਕੇ ਯਹਿ ਤਾਜ ਮਹੱਲ।
ਦੌਲਤੇ-ਇਸ਼ਕ ਮੇਰੇ ਨਾਮ ਲਗਾ ਦੀ ਜਾਏ,
ਮੇਰੇ ਇਹਸਾਸ ਕੋ ਸੂਲੀ ਪੇ ਚੜ੍ਹਾ ਕਰ ਮੁਰਸ਼ਿਦ
ਮੁੱਝ ਕੋ ਇਸ ਦੌਰ ਮੇਂ ਜੀਨੇ ਕੀ ਸਜ਼ਾ ਦੀ ਜਾਏ,

(ਚੋਗਾ)

★

---

ਕੋਈ ਹੈ ਜੋ ਹੁਸਨ ਦੀ ਲਾ ਉਂਗਲੀ—
ਮੈਨੂੰ ਕਾਲੀ ... ਹਰ ਕਢੇ ?
ਮੈਂ ਬਲਿਹਾਰੇ ਜਾਵਾਂ ਉਹਦੀ ਅਦਾ ਉਤੋਂ,
ਜਿਹੜਾ ਭੈਅ ਦੇ ਭੂਤ ਦੀ ਧੌਣ ਵਢੇ।

★



Sri Satguru Jagjit Singh Ji Elibrary NamdhariElibrary@gmail.com

ਹਜ਼ਾਰੀ ਬਾਗ ਵਿਚ

# ਸੂਬਾ ਸਾਹਿਬ ਸਿੰਘ ਸ਼ਹੀਦੀ ਦਿਵਸ

ਇਸ ਵਾਰ ੧੦ ਜੂਨ ਦੇ ਹਜ਼ਾਰੀ ਬਾਗ ਮੇਲੇ ਦੀ ਤਿਆਰੀ ਵਿਚ ੪ ਜੂਨ ਨੂੰ ਸਾਧ ਸੰਗਤ ਚੰਡੀਗੜ੍ਹ ਐਕਸਪ੍ਰੈਸ ਰਾਹੀਂ ਡਾਲਟਨ-ਗੰਜ ਪਹੁੰਚ ਗਈ ੬,੭,੮, ਜੂਨ ਮੇਲਾ ਡਾਲਟਨ ਗੰਜ ਹੀ ਰਿਹਾ ਤੇ ਜ: ਨਿਰੰਜਨ ਸਿੰਘ ਜ: ਕਵੀ ਜਿਉਣ ਸਿੰਘ, ਜ: ਨਾਹਰ ਸਿੰਘ ਦੀਵਾਨਾਂ ਦੀ ਕ੍ਰਿਪਾ ਕਰਦੇ ਰਹੇ ਵਾਰ ਤੇ ਸ਼ਾਮ ਦਾ ਕੀਰਤਨ ਸੰਤ ਖਜਾਨ ਸਿੰਘ ਹਰਬੰਸ ਸਿੰਘ ਜੀ ਕਰਦੇ ਰਹੇ।

ਪੰਡਤ ਭਜਨ ਸਿੰਘ ਜੀ ਇਕ ਮਹੀਨੇ ਤੋਂ ਡਾਲਟਨ ਗੰਜ ਹਜ਼ਾਰੀ ਬਾਗ ਕਥਾ ਲਈ ਕ੍ਰਿਪਾ ਕਰਦੇ ਰਹੇ ਹਨ॥ ਜਿਸ ਨੂੰ ਸੁਣਕੇ, ਸਿੰਘ ਸਭਾ ਗੁਰਦੁਆਰਾ ਡਾਲਟਨ ਗੰਜ, ਹਾਜ਼ਰੀ ਬਾਗ ਵੀ ਕਥਾ ਲਈ ਸਿੰਘਾਂ ਅਰਜ ਕੀਤੀ। ਤੇ ਉਨ੍ਹਾਂ ਗੁਰਦੁਆਰਿਆਂ ਤੇ ਸੂਬਾ ਸਾਹਿਬ ਸਿੰਘ ਬਾਰੇ ਲੋਕਾਂ ਨੂੰ ਜਾਣੂ ਕਰਾਇਆ।

੯ ਜੂਨ ਸਾਰੀ ਸੰਗਤ ਡਾਲਟਨ ਗੰਜ ਤੋਂ ਬੱਸਾਂ ਰਾਹੀਂ ਹਜ਼ਾਰੀ ਬਾਗ ਪਹੁੰਚ ੯,੧੦ ਜੂਨ ਦਾ ਮੇਲਾ ਬਹੁਤ ਸੁਹਾਵਣਾ ਬਣਿਆ। ਮਹਾਰਾਜ਼ ਬੀਰ ਸਿੰਘ ਜੀ ਹਵਾਈ ਜਹਾਜ਼ ਰਾਹੀਂ ਰਾਂਚੀ ਤੇ ਫਿਰ ਹਜ਼ਾਰੀ ਬਾਗ ਦਰਸ਼ਨ ਦਿੱਤੇ। ਦੀਵਾਨਾਂ ਉਪਰੰਤ ੨੫ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਹਿਤ ਨਮਿਤ ੭ ਪਾਠ ਸੂਬਾ ਸਾਹਿਬ ਜੀ ਨਮਿਤ ੨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ। ਇੱਕ ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ। ਇਹ ਮੇਲਾ ਸਾਰੀ ਸੰਗਤ ਨਾਮਧਾਰੀ ਡਾਲਟਨ ਗੰਜ ਵਲੋਂ ਸੀ। ਇਸ ਦੇ ਨਾਲ ਹੀ ਸੰਗਤ ਨੇ ਹਾਜ਼ਰੀ ਬਾਗ ਲਈ ਬਿਸਤਰੇ ਤੇ ਬਰਤਨ ਇਕੱਤਰ ਕਰਕੇ ਰੱਖੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸਦਾ ਵਰਤ ਵਰਨੀਂ ਅਰੰਭ ਅਰੰਭ ਹੋਈ ਤੇ ੧੦ ਜੂਨ ਨੂੰ ਚਾਰ ਵਜੇ ਸ਼ਹਿਰ ਦੇ ਮੁੱਖੀਆ ਸੂਬਾ ਸਾਹਿਬ ਸਿੰਘ ਜੀ ਨੂੰ ਸਰਧਾਂਜਲੀਆਂ ਭੇਟ ਕੀਤੀਆਂ ਤੇ ਇਸ ਮੌਕੇ ਤੇ ਕਮਿਸ਼ਨਰ ਜੀ ਨੇ ਵੀ ਆ ਕੇ ਮਹਾਰਾਜ਼ ਦੀ ਹਾਜ਼ਰੀ ਵਿਚ ਬਹੁਤ ਵਧੀਆਂ ਸ਼ਬਦਾਂ ਨਾਲ ਸੂਬਾ ਸਾਹਿਬ ਜੀ ਬਾਰੇ ਆਖਿਆ।

ਇਸ ਤਰ੍ਹਾਂ ੧੧ ਜੂਨ ਨੂੰ ਸਾਰੀ ਸੰਗਤ ਵਾਪਸ ਪਰਤ ਆਈ।

ਦਿਆਲ ਸਿੰਘ
ਫਗਵਾੜਾ

## ਵਰਿਆਮ ਨੂੰ ਸਹਿਯੋਗ

੧ ਬਿਹਾਰ ਪਲਾਸਟਿਕ ਇੰਡੀਸਟਰੀਜ਼ ਪਟਨਾ ਦੇ ਮਾਲਕ ਸ: ਜਗਦੀਸ਼ ਸਿੰਘ ਜੀ ਨੇ ਨਵੀਂ ਜਗਹ ਖਰੀਦ ਕੇ ਫੈਕਟਰੀ ਸ਼ਿਫਟ ਕੀਤੀ। ਇਸ ਸਮੇਂ ਹਵਨ, ਪਾਠ ਵਰਨੀ ਕੀਤੀ ਗਈ। ਵਰਿਆਮ ਵਾਸਤੇ ਗਿਆਰਾਂ ਰੁਪਏ ਸਹਾਇਤਾ ਕਢੀ ਗਈ।

੨ ਸ: ਮਹਿੰਦਰ ਸਿੰਘ ਭਮਰਾ ਮੋਰੋਂ ਨਿਵਾਸੀ ਡੁਬਈ ਤੋਂ ਭਾਰਤ ਆਏ ਸਨ। ਵਾਪਸ ਡੁਬਈ ਜਾਣ ਤੋਂ ਪਹਿਲਾਂ ਉਹਨਾਂ ਆਪਣੇ ਗ੍ਰਹਿ ਵਿਖੇ ਸੰਤ ਪੂਰਨ ਸਿੰਘ ਜੀ ਮਸਤਾਨਾ ਅਤੇ ਹੋਰ ਜਥੇਦਾਰਾਂ ਦਾ ਦੀਵਾਨ ਲਗਵਾਇਆ। ਵਰਿਆਮ ਵਾਸਤੇ ਗਿਆਰਾਂ ਰੁਪਏ ਦੀ ਸਹਾਇਤਾ ਸ: ਸਾਧੂ ਸਿੰਘ ਮੀਤ ਰਾਹੀਂ ਪੁਜੀ ਹੈ।

੩. ਸੰਤ ਗੁਰਦਿਆਲ ਸਿੰਘ ਮੰਡੀ ਨੇ ਆਪਣੇ ਮਾਤਾ ਜੀ ਸ੍ਰੀਮਤੀ ਹਰਨਾਮ ਕੌਰ ਜੀ ਦੇ ਅਕਾਲ ਚਲਾਣੇ ਤੇ ਪਾਏ ਭੋਗ ਸਮੇਂ ਪੰਜ ਰੁਪਏ ਸਹਾਇਤਾ ਸ: ਸੇਵਾ ਸਿੰਘ ਬੈਂਕ ਵਾਲਿਆਂ ਰਾਹੀਂ ਭੇਜੀ ਹੈ।

੪ ਸੰਤ ਸਵਰਨ ਸਿੰਘ ਲਾਇਲ ਇੰਨਜੀਨਅਰਿੰਗ ਵਰਕਸ ਲੁਧਿਆਣ ਦੇ ਸਪੁਤਰ ਕਾਕਾ ਸਤਵੰਤ ਸਿੰਘ ਦਾ ਅਨੰਦ ਕਾਰਜ ਬੀਬੀ ਸੁਖਵਿੰਦਰ ਕੌਰ ਸਪੁਤਰੀ ਸੰਤ ਭਗਵਾਨ ਸਿੰਘ ਜੀ ਲੁਹਾਰਾਂ ਨਾਲ ਹੋਇਆਂ। ਵਰਿਆਮ ਵਾਸਤੇ ਵੀਹ ਰੁਪਏ ਸਹਾਇਤਾ ਸੰਤ ਦਿਆਲ ਸਿੰਘ ਰਾਹੀਂ ਪੁਜੀ ਹੈ।

੫ ਸੰਤ ਭਗਵਾਨ ਸਿੰਘ 'ਲੁਹਾਰਾਂ' ਵਾਲਿਆਂ ਆਪਣੀ ਸਪੁਤਰੀ ਬੀਬੀ ਸੁਖਵਿੰਦਰ ਕੌਰ ਦੇ ਅਨੰਦ ਕਾਰਜ ਸਮੇਂ ਦਸ ਰੁਪਏ ਵਰਿਆਮ ਨੂੰ ਸਹਾਇਤਾ ਭੇਜੀ ਹੈ ਰਾਹੀਂ ਸੰਤ ਦਿਆਲ ਸਿੰਘ ਫਗਵਾੜਾ—

੬ ਸ: ਗੁਰਮੇਲ ਸਿੰਘ ਚੀਮਾਂ: ਮਾਸਟਰ ਅਜੀਤ ਸਿੰਘ ਚੀਮਾਂ ਦੇ ਭਰਾ ਸ: ਗੁਰਮੇਲ ਸਿੰਘ ਚੀਮਾਂ ਦੇ ਲੜਕੇ ਦੇ ਤੰਦਰੁਸਤ ਹੋਣ ਦੀ ਖੁਸ਼ੀ ਵਿਚ ਪਰਿਵਾਰ ਵੱਲੋਂ ਆਪਣੇ ਗ੍ਰਹਿ ਪਿੰਡ ਬੂਸੋਵਾਲ (ਸੁਲਤਾਨਪੁਰ-ਕਪੂਰਥਲਾ) ਵਿਚ ਅਖੰਡ ਪਾਠ ਕਰਾਇਆ ਕੀਰਤਨ ਕਾਰਾਂ ਕਲਾਕਾਰਾਂ ਅਤੇ ਲੀਡਰਾਂ ਨੇ ਪ੍ਰੋਗਰਾਮ ਪੇਸ਼ ਕੀਤਾ। ਵਰਿਆਮ ਵਾਸਤੇ ਪੰਦਰਾਂ ਰੁਪਏ ਸਹਾਇਤ ਕੱਢੀ ਗਈ।

੭ ਸ: ਉਜਾਗਰ ਸਿੰਘ ਲੁਹਾਨਾ ਵਾਲੇ: ਬਸਤੀ ਬੂਰੇ ਖਾਂ ਜਲੰਧਰ ਵਿਚ ਸ: ਉਜਾਗਰ ਸਿੰਘ ਅਤੇ ਉਨ੍ਹਾਂ ਦੇ ਸਪੁਤਰ ਸ: ਤਰਲੋਕ ਸਿੰਘ ਆਦਿ ਪਰਿਵਾਰ ਨੇ ਡੁਬਈ ਤੋਂ ਆ ਕੇ ਨਵੇਂ ਕਮਰੇ ਪਾਏ। ਇਸ ਖੁਸ਼ੀ ਵਿਚ ਸਾਧ ਸੰਗਤ ਦੇ ਚਰਨ ਪੁਆਏ। ਸੰਤ ਬਲਬੀਰ ਸਿੰਘ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਇਸ ਅਵਸਰ ਤੇ ਦਾਨ ਹਿਤ ਕੱਢੀ ਮਾਇਆ ਵਿਚੋਂ ਇੱਕੀ ਰੁਪਏ ਵਰਿਆਮ ਵਾਸਤੇ ਸਹਾਇਤਾ ਦਿਤੀ।



Sri Satguru Jagjit Singh Ji Elibrary NamdhariElibrary@gmail.com

ਪੁਸਤਕ ਚਰਚਾ

# ਮਿਤਰਾਂ ਦੇ ਘਰ

ਲੇਖਕ : ਹਰਭਜਨ ਸਿੰਘ ਕੋਮਲ
ਪ੍ਰਕਾਸ਼ਕ : ਨਿਊ ਏਜ ਬੁੱਕ ਸੈਂਟਰ ਅੰਮ੍ਰਿਤਸਰ
ਪੰਨੇ : ੩੪੦
ਮੁੱਲ : ੩੫

"ਮਿਤਰਾਂ ਦੇ ਘਰ" ਹਰਭਜਨ ਸਿੰਘ ਕੋਮਲ ਵਲੋਂ ਪੂਰਬੀ ਜਰਮਨੀ (ਜੀ. ਡੀ. ਆਰ.) ਦੀ ਕੀਤੀ ਯਾਤਰਾ ਬਾਰੇ ਲਿਖਿਆ ਸਫਰਨਾਮਾ ਹੈ। ਇਹ ਸਫਰਨਾਮਾ ਤਕਰੀਬਨ ੩੨ ਦਿਨਾਂ ਦੀ ਯਾਤਰਾ ਦੌਰਾਨ ਲਿਖੀ ਡਾਇਰੀ ਤੇ ਅਧਾਰਤ ਹੈ। ਕਿਤੇ ਕਿਤੇ ਇਕ ਦਿਨ ਦੀ ਵੇਖਾ ਚਾਖੀ ਨੂੰ ਤਿੰਨਾਂ ਹਿਸਿਆਂ ਵਿਚ ਵੰਡ ਕੇ ਵੀ ਲਿਖਿਆ ਹੈ। ਇਸ ਤਰ੍ਹਾਂ ਸਵੇਰ ਤੋਂ ਦੁਪਹਿਰ, ਦੁਪਹਿਰ ਤੋਂ ਸ਼ਾਮ ਤੇ ਸ਼ਾਮ ਤੋਂ ਗਈ ਰਾਤ ਤਕ। ਇਕ ਸੀਮਤ ਸਮੇਂ ਅੰਦਰ, ਕਿਸੇ ਵੀ ਦੇਸ਼ ਬਾਰੇ ਪੂਰੀ ਜਾਣਕਾਰੀ ਦੇ ਸਕਣਾ ਭਾਵੇਂ ਸੰਭਵ ਨਹੀਂ ਫਿਰ ਵੀ ਲੇਖਕ ਨੇ ਇਸ ਦੇਸ਼ ਬਾਰੇ ਵਧ ਤੋਂ ਵਧ ਤੇ ਬਹੁ ਪੱਖੀ ਜਾਣਕਾਰੀ ਦੇਣ ਦਾ ਜਤਨ ਬਹੁਤ ਹੀ ਸੁਚਜੇ ਤੇ ਰੋਚਕ ਢੰਗ ਨਾਲ ਕੀਤਾ ਹੈ। ਲੇਖਕ ਕਿਉਂਕਿ ਕਵੀ ਵੀ ਹੈ, ਪੁਸਤਕ ਵਿਚ ਕਿਤੇ ਕਿਤੇ ਉਸ ਦੀ ਕਾਵਿ ਮਈ ਸ਼ੈਲੀ ਦੇ ਬਹੁਤ ਹੀ ਸੁੰਦਰ ਝਲਕਾਰੇ ਮਿਲਦੇ ਹਨ। ਜਿਵੇਂ ਜਹਾਜ਼ ਵਿਚ ਬੈਠਿਆਂ ਧਰਤੀ ਅਕਾਸ਼ ਵਿਚਕਾਰ ਬਦਲਦੇ ਰੰਗ, ਤੇ ਬਾਰਬਾਰੋਜ਼ਾ ਗੁਫਾ ਦੀ ਸੁੰਦਰਤਾ ਦਾ ਵਰਨਣ।

ਬਹੁਤ ਅੰਕੜੇਬਾਜ਼ੀ ਭਾਵੇਂ ਆਮ ਤੌਰ ਤੇ ਅਕੇਵਾਂ ਪੈਦਾ ਕਰਦੀ ਹੈ ਤੇ ਇਹ ਪੁਸਤਕ ਵੀ ਇਸ ਦੋਸ਼ ਤੋਂ ਮੁਕਤ ਨਹੀਂ ਪਰ ਬੁਖਨਵਾਲਡ ਦੇ ਕਨਸਨਟਰੇਸ਼ਨ ਕੈਂਪ ਵਿਚ ਕੈਦੀਆਂ ਦੀ ਗਿਣਤੀ ਉਹਨਾਂ ਨੂੰ ਦਿਤੇ ਜਾਂਦੇ ਅਣਮੁਟਖੀ ਤਸੀਹੇ, ਤੇ ਕਿੰਨੇ ਕਿੰਨੇ ਲੋਕ ਕਿਸ ਕਿਸ ਢੰਗ ਨਾਲ ਕਤਲ ਕੀਤੇ ਗਏ, ਪਾਠਕ ਦੇ ਰੌਂਗਟੇ ਖੜ੍ਹੇ ਕਰ ਦਿੰਦੇ ਹਨ। ਇਥੋਂ ਹੀ ਇਸ ਗੱਲ ਦਾ ਪਤਾ ਲਗਦਾ ਹੈ ਕਿ ਅਮਨ ਦੀ ਕਦਰ ਉਹੀ ਜਾਣਦੇ ਹਨ, ਜਿਨ੍ਹਾਂ ਨੇ ਜੰਗ ਦੀ ਭਿਆਨਕਤਾ ਵੇਖੀ ਹੈ।

ਦਿਉ ਕੱਦ ਕਾਰਖਾਨੇ, ਭਵਨ, ਸਭਿਆਚਾਰ ਤੇ ਵਿਦਿਅਕ ਅਦਾਰੇ, ਸਾਫ ਸੁਥਰੀਆਂ ਸੜਕਾਂ, ਬਾਗ ਬਗੀਚਿਆਂ ਦਾ ਵਰਨਣ ਤੇ ਬਹੁਤ ਹੈ ਪਰ ਆਮ ਲੋਕਾਂ ਦੀਆਂ ਅੰਤਰੀਵ ਭਾਵਨਾਵਾਂ, ਉਹ ਆਪਣੇ ਨਿਜ ਬਾਰੇ ਕਿਸ ਤਰ੍ਹਾਂ ਸੋਚਦੇ ਹਨ, ਇਸ ਦੀ ਝਲਕ ਪੁਸਤਕ ਵਿਚ ਕਿਤੇ ਨਹੀਂ ਮਿਲਦੀ। ਸ਼ਾਇਦ ਇਸ ਦਾ ਕਾਰਨ ਬੋਲੀ ਦੀ ਸਮਸਿਆ, ਸਮੇਂ ਦੀ ਕਮੀ, ਜਾਂ ਫਿਰ ਘੋੜੇ ਦੀ ਵਾਗ ਮੇਜ਼ਬਾਨ ਦੇ ਹੱਥ ਹੋਣਾ ਹੋਵੇ।

ਪੰਜਾਬੀ ਸਾਹਿਤ ਵਿਚ ਚੰਗੇ ਸਫਰਨਾਮਿਆ ਦੀ ਘਾਟ ਦੀ ਆਮ ਸ਼ਿਕਾਇਤ ਕੀਤੀ ਜਾਂਦੀ ਹੈ। "ਮਿਤਰਾਂ ਦੇ ਘਰ" ਇਸ ਘਾਟ ਨੂੰ ਕੁਝ ਹੱਦ ਤਕ ਪੂਰਾ ਕਰਦੀ ਹੈ। ਇਹ ਪੰਜਾਬੀ ਸਾਹਿਤ ਵਿਚ ਗੁਣਆਤਮਕ ਅਤੇ ਗਿਣਾਤਮਕ ਵਾਧਾ ਹੈ।

—ਅਵਤਾਰ ਸਿੰਘ

---

## ਪ੍ਰਤੀਕ੍ਰਿਆ ਜੂਨ ਅੰਕ

ਬੜੀ ਵਰਿਆਮ ਅੜਿਆ ਜੂਨ ਅੰਕ ਉਤੇ,
ਮੀਸ਼ੋਂ ਕੀਤੀ ਕਮਾਲ ਪੰਜਾਬ ਦੀ ਗੱਲ।
ਵਧੀਆ ਬਨੀ ਦੀ ਅੱਖ ਪਰ ਭਗਤ ਵੱਡੇ,
ਹੁਗਲੀ ਮਟਕਦੀ ਭਰੇ ਸ਼ਬਾਬ ਦੀ ਗੱਲ।
ਓਇ ਹੋਇ ਦਿਤੀ ਅਸੀਸ ਮਨਸੂਰ ਚੰਗੀ,
ਚਕ੍ਰਵਰਤੀ ਦੀ ਬੜੇ ਆਦਾਬ ਦੀ ਗੱਲ।
ਸਾਹਿਤਕਾਰਾਂ ਨੂੰ ਬੜਾ ਸਤਿਕਾਰਿਆ ਈ,
ਬਣੀਆ ਕਰੇ ਕੋਈ ਜਿਵੇਂ ਹਿਸਾਬ ਦੀ ਗੱਲ।
ਮੈਂ ਨਹੀਂ ਜਰਨ ਚਾਹੁੰਦਾ ਤੇਰੀ ਖੁਸ਼ੀ ਖਾਤਰ,
ਕਰਨੀ ਪਈ ਪਰੂਫ ਖਰਾਬ ਦੀ ਗਲ।
ਕਰੇ ਯਾਤਰਾ ਨਾਲ ਵਰਿਆਮ ਚੱਲੇ,
ਨਾਮਧਾਰੀਆਂ ਲਈ ਸਵਾਬ ਦੀ ਗੱਲ।

ਸਾਧੂ ਸਿੰਘ ਕਿਸ਼ਾਨ
—ਏਲਨਾਬਾਦ



Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**





Sri Satguru Jagjit Singh Ji Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


: 258411
Phones : Office : 2[illegible]345
Resi. : 210054


# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

**Manufacturers & Suppliers of:**

**TUKRIDAR PRINTED SHAMIANAS & KANATS**

**FOR ALL KINDS, IN ATTRACTIVE AND GUARANTEED FAST COLOURS;**

**WOODEN & STEEL FURNITURE**

**PLEASE CONTACT**

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DELHI-110006**




Sri Satguru Jagjit Singh Ji Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machin



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of a Makes Concrete Mixers



CONCRETE MIXER 7/5

Phones : Office :
Factory :
Resi. :

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHAS
Opp. C-70 NEW DELHI-110

Sri Satguru Jagjit Singh Ji Elibrary NamdhariElibrary@gmail.com



Approved By Department of ;

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS




QUALITY MARKED

DEPARTMENT OF AGRICULTURE
QUALITY
MARK
PUNJAB GOVT.

ਕੁਆਲਟੀ ਮਾਰਕਡ



## ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ ।

TRADE **JASPAL** MARK

ams : HABI INDUSTRIES

Phone : 2737

## *HABI INDUSTRIES (Regd.)*

10. Industial Area,
PHAGWARA—144401,



Sri Satguru Jagjit Singh Ji Elibrary NamdhariElibrary@gmail.com

# JANTA

# HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



FOR GENERAL MOULDED RUBBER GOODS



DOWN STROKE HEAVY DUTY for Harrow Discs, Rim Plates & Brake Linnings



FOR VULCANIZING OF CONVEYOR & TRANSMISSION BELTINGS



FOR STRAIGHTENING BENDING, PRESSING & FASTENING

JEW

**JANTA ENGINEERING WORKS**

G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)

Sri Satguru Jagjit Singh Ji Elibrary NamdhariElibrary@gmail.com

## ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

(ਲੜੀ ਜੋੜਨ ਲਈ ਅਪਰੈਲ ੧੯੯੨ ਅੰਕ ਵੇਖੋ)

**—ਪ੍ਰੀਤਮ ਸਿੰਘ ਕਵੀ**

ਵਰਿਆਮ ਦੇ ਇਸ ਸਿਲਸਲੇਵਾਰ ਕਾਲਮ ਤੋਂ ਪਾਠਕ ਪਿਛਲੇ ਦੋ ਅੰਕਾਂ ਵਿਚ ਵਿਰਵੇ ਰਹੇ ਹਨ। ਹੁਣ ਵੀ ਸ਼ੁਰੂ ਦੇ ਕੁਝ ਅੰਸ਼ ਪ੍ਰਕਾਸ਼ਤ ਹੋਣੋ ਰਹਿ ਗਏ ਹਨ ਜੋ ਅਸੀਂ ਬਾਅਦ ਵਿਚ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਾਂਗੇ। ਪਰਬੰਧਕੀ ਮਜ਼ਬੂਰੀਆਂ ਕਾਰਣ ਹੋਈ ਇਸ ਅਸੁਵਿਧਾ ਵਾਸਤੇ ਪਾਠਕਾਂ ਤੋਂ ਖਿਮਾ ਚਾਹੁੰਦੇ ਹਾਂ।

ਸ੍ਰੀ ਪ੍ਰੀਤਮ ਸਿੰਘ ਕਵੀ ਦੁਆਰਾ ਲਿਖਤ ਇਸ ਰਚਨਾ ਵਿਚ ਸਰਗਰਮੀਆਂ ਦਾ ਕੇਂਦਰੀ ਬਿੰਦੂ ਨਾਮਧਾਰੀ ਜਗਤ ਦੇ ਕਰਨ ਕਾਰਣਹਾਰ ਸਤਿਗੁਰੂ ਜਗਜੀਤ ਸਿੰਘ ਜੀ ਹਨ। ਉਹਨਾਂ ਦੇ ਆਲੇ ਦੁਆਲੇ ਵਾਪਰਦੀਆਂ ਧਾਰਮਕ, ਸਮਾਜਕ, ਸਿਆਸੀ ਅਤੇ ਸਭਿਆਚਾਰਕ ਘਟਨਾਵਾਂ, ਮਿਲਣੀਆਂ ਅਤੇ ਸਬੰਧਤ ਸੰਭਵ ਸੋਚ ਦੇ ਕੋਣਾਂ ਦਾ ਉਲੇਖ ਸੁਤੇ ਸਿਧ ਹੀ ਲਭਦਾ ਹੈ,

**—ਸੰਪਾਦਕ**

### ੨੬ ਜਨਵਰੀ ੧੯੭੯ ਵੀਰਵਾਰ
### ਨਵੀਂ ਦਿੱਲੀ

### ਕੌਮੀ ਤਿਉਹਾਰ

ਅੱਜ ਸਾਰਾ ਰਾਸ਼ਟਰ ਦੇਸ਼ ਦੇ ਸਵੈਧਾਨਿ ਜੀਵਨ ਆਰੰਭਣ ਦੀ ਯਾਦ ਦੇ ਜਸ਼ਨਾਂ ਵਿਚ ਵਿਅਸਤ ਹੈ। ਦਿੱਲੀ ਵਿਚ ਵਿਸ਼ੇਸ਼ ਕਰ, ਸਭਨਾਂ ਦਾ ਧਿਆਨ ਰਾਜ ਪੱਥ ਤੇ ਇੰਡੀਆ ਗੇਟ ਵਿਖੇ ਹੋਣ ਵਾਲੇ ਪਰੇਡ ਪ੍ਰੋਗਰਾਮ ਨੇ ਖਿਚਿਆ ਹੋਇਆ ਹੈ। ਲੱਖਾਂ ਦੀ ਤਾਦਾਦ ਵਿਚ ਲੋਕ, ਦਿੱਲੀਓਂ ਅਤੇ ਦੇਸ਼ ਦੇ ਕੋਨੇ ਕੋਨੇ ਤੋਂ ਪਰੇਡ ਯਾਤਰਾ ਮਾਰਗ ਦੇ ਦੋਹੀਂ ਪਾਸੀਂ ਰਾਤ ਦੇ ਹੀ ਬੈਠੇ ਹੋਏ ਹਨ। ੯.੩੫ ਤੋਂ ਟੈਲੀਵੀਜ਼ਨ ਉਤੇ ਵੀ ਲੱਖਾਂ ਲੋਕ ਇਸ ਪ੍ਰੋਗਰਾਮ ਨੂੰ ਵੇਖ ਰਹੇ ਹਨ।

ਮੇਰਾ ਛੋਟਾ ਭਰਾ : ਹਰਭਜਨ ਸਿੰਘ ਵੀ ਕੱਲ੍ਹ ਦਾ ਆਇਆ ਹੋਇਆ ਆਪਣੇ ਭਤੀਜਿਆਂ ਮਨਧੀਰ ਸਿੰਘ ਸੁਖਬੀਰ ਸਿੰਘ ਨਾਲ ਕਨਾਟ ਪਲੇਸ ਤੇ ਇਸ ਜਲੂਸ ਦਾ, ਨੇੜਿਓਂ ਵੇਖ, ਅਨੰਦ ਲੁਟੇਰਾਂ। ਤਿੰਨਾਂ ਸੈਨਾਵਾਂ ਦੀਆਂ ਟੁਕੜੀਆਂ, ਸਕੂਲੀ ਬੱਚਿਆਂ ਦੇ ਆਕਰਸ਼ਕ ਕਰੱਤਵ, ਭਾਰਤ ਦੇ ਪ੍ਰਾਂਤਾਂ ਦੀਆਂ ਪ੍ਰਗਤੀ ਜਾਂ ਸਭਿਆਚਾਰਕ ਝਾਕੀਆਂ ਅਤੇ ਅੰਤ ਉਤੇ ਹਵਾਈ ਜਹਾਜਾਂ ਦੀਆਂ ਉਡਾਣਾਂ।

ਭਾਵੇਂ ਇਹ ਸਭ ਕੁਝ ਬੜਾ ਪ੍ਰਭਾਵਤ ਕਰਨ ਵਾਲਾ ਸੀ ਪਰ ਸੁਣਨ ਨੂੰ ਮਿਲਿਆ ਹੈ ਕਿ ਪਿਛਲੇ ਸਾਲ ਜਿੰਨਾ ਉੱਲਾਸ, ਉਮਾਹ ਤੇ ਝਾਕੀਆਂ ਦਾ ਮਨਮੋਹਕ ਆਕਰਸ਼ਣ ਨਹੀਂ।

ਰਾਸ਼ਟਰਪਤੀ ਸ੍ਰੀ ਨੀਲਮ ਸੰਜੀਵਾ ਰੈਡੀ ਤੇ ਪ੍ਰਧਾਨ ਮੰਤਰੀ ਸ੍ਰੀ ਮੁਰਾਰ ਜੀ ਡਿਸਾਈ ਦੇ ਟੀ. ਵੀ ਦਰਸ਼ਨ ਹੋ ਰਹੇ ਹਨ। ਬਾਹਰੋਂ ਆਇਆ, ਇਕ ਵਿਸ਼ੇਸ਼ ਅਤਿਥੀ ,ਆਇਰ-ਲੈਂਡ ਦਾ ਪ੍ਰਧਾਨ ਪੈਟ੍ਰਿਸ ਹਿਲੇਰੀ ਤੇ ਉਸਦੀ ਪਤਨੀ ਹੀ ਪ੍ਰਾਹੁਣਚਾਰੀ ਦਾ ਮਾਣ ਹਾਸਲ ਕਰ ਰਹੇ ਹਨ।

ਓਧਰ ਇੰਦਰਾ ਗਾਂਧੀ ਜੀ, ਜੋ ਪਿਛਲੇ ਗਿਆਰਾਂ ਸਾਲਾਂ ਤੋਂ ਇਸ ਪਰੇਡ ਦੇ ਕਰਣਧਾਰ ਹੋਇਆ ਕਰਦੇ ਸਨ ਤੇ ਜਿਨ੍ਹਾਂ ਦੇ ਹੁਕਮਾਂ ਤੇ ਫੁਲ ਚੜਾਂਦਿਆਂ ਹੀ ਇਹ ਫੰਕਸ਼ਨ ਰੰਗੀਨ ਹੋ ਜਾਂਦਾ ਸੀ ਅੱਜ ਰਾਜ ਸੱਤਾ ਹੱਥੋਂ ਖੁੱਸੀ ਹੋਣ ਕਰ ਕੇ ਟੀ. ਵੀ. ਉਤੇ ਆਪਣੇ ਸਿਆਸੀ ਵਿਰੋਧੀਆਂ, ਜ਼ਾਤੀ ਦੁਸ਼ਮਣਾਂ ਦੇ ਦਰਸ਼ਨ ਕਰ ਕਰ ਮਨ ਦੇ ਕਈ ਉਤਾਰ-ਚੜ੍ਹਾਵਾਂ ਨਾਲ ਸੰਗਰਾਮ ਕਰ ਰਹੇ ਹੋਣਗੇ।

### ਪ੍ਰੀਤਮ ਸਿੰਘ ਪੰਛੀ

ਸਤਿਜੁਗ ਦਾ ਇਕ ਸਾਬਕਾ ਸੰਪਾਦਕ ਤੇ ਮੇਰਾ ਲੰਗੋਟੀਆ ਪ੍ਰੀਤਮ ਸਿੰਘ ਪੰਛੀ ਕਲ੍ਹ ਸਾਡੇ ਪਿਛੋਂ ਜਲਦੀ ਹੀ ਸਰਸਿਓਂ ਦਿੱਲੀ ਲਈ ਬਸ ਫੜਨ ਵਿਚ ਕਾਮਯਾਬ ਹੋ ਗਿਆ। ਅਤੇ ਅੱਜ ਦੁਪਹਿਰੇ ਘਰ ਆ ਮਿਲਿਆ। ਇਹ, ਆਗਾਮੀ ਬਸੰਤ ਪੰਚਮੀ ਲਈ, ਅਖਬਾਰਾਂ ਨੂੰ ਗੁਰੂ ਰਾਮ ਸਿੰਘ ਜੀ ਬਾਰੇ ਗਿਆਨ ਵਰਧਕ ਸਮਗਰੀ ਤਿਆਰ ਕਰਕੇ ਭੇਜੇ ਗਾ ਉਹਦੇ ਲਈ ਸ਼ਤਾਬਦੀ ਨਿਊਜ਼ " (ਅਜ ਕਲਮ ਬੰਦ ਪਿਆ ਦਿੱਲੀ ਦੇ ਨਾਮਧਾਰੀਆਂ ਦਾ ਮਾਸਿਕ ਪੱਤਰ) ਦੀਆਂ ਕਾਪੀਆਂ ਪ੍ਰਾਪਤ ਕਰਨ ਲਈ ਨਾਮਧਾਰੀ ਧਰਮਸ਼ਾਲਾ ਦੀ



Sri Satguru Jagjit Singh Ji Elibrary NamdhariElibrary@gmail.com

ਲਾਇਬਰੇਰੀ ਵਾਸਤੇ ਰਮੇਸ਼ ਨਗਰ ਪਹੁੰਚੇ।

### ਸਤਿਗੁਰੂ ਜੀ :
### ਅਗਮਾਨ, ਪ੍ਰਸਥਾਨ

ਅੱਗੇ ਸੰਤ ਗੁਰਦੀਪ ਸਿੰਘ ਸਕਤੂ ਨਾਮਧਾਰੀ ਧਰਮਸਾਲਾ ਮਿਲਿਆ। ਇਸ ਤੋਂ ਪਤਾ ਲਗਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਕੱਲ ਸ਼ਾਮੀ ਦਿੱਲੀ ਪਹੁੰਚੇ ਤੇ ਸਨ, ਅੱਜ ਸਵੇਰੇ ਹੀ ਲਖਨਊ ਵਾਸਤੇ ਹਵਾਈ ਸਫਰ ਕਰਦੇ, ਚਲੇ ਗਏ ਹਨ। ਆਪ ਜੀ ਦੀ ਸੇਵਾ ਵਿਚ ਸੰਤ ਮਹਿੰਦਰ ਸਿੰਘ ਪੂਰਵਾ ਤਾਂ ਹਨ ਹੀ ਹੋਰ ਪਤਾ ਨਹੀਂ ਕੋਈ ਗਿਆ ਹੈ ਜਾਂ ਨਹੀਂ।

ਸਤਿਗੁਰੂ ਜੀ ਕੱਲ ਸਵੇਰੇ ਸ: ਸੁਰਜਨ ਸਿੰਘ ਸਰਪੰਚ ਹਾਰਨੀਆਂ ਦੇ ਭੋਗ ਪੈਣ ਸਮੇਂ ਦਰਸ਼ਨ ਦੇ ਕੇ ਆਏ ਸਨ। ਹਾਰਨੀਆਂ ਵਿੱਚ ਪਿਛਲੇ ਦਿਨੀਂ ਉਸਦੇ ਕਥਿਤ ਤੇ ਸਿਆਸੀ ਤੇ ਜਾਤੀ ਦੁਸ਼ਮਣੀ ਵਾਲਿਆਂ ਉਸਦਾ ਕਤਲ ਕਰ ਕਰਵਾ ਦਿੱਤਾ ਸੀ। ਇਸਦੇ ਵਿਛੜਣ ਨਾਲ ਨਾਮਧਾਰੀ ਖੇਤਰ ਦੇ ਹਿਤੂਆਂ ਨੂੰ ਕਾਫ਼ੀ ਸੱਟ ਵੱਜੀ ਹੈ।

ਸਤਿਗੁਰੂ ਜੀ ਜੀਵਨ ਨਗਰ ਨਿਵਾਸ ਸਮੇਂ ਕੁਛ ਐਸੇ ਸਰੀਰਾਂ ਦੀ ਤਲਾਸ਼ ਵਿਚ ਵੀ ਸਨ ਜੋ ਯੂ. ਪੀ. ਵਿਚ ਖਰੀਦੇ ਗਏ ਫਾਰਮ ਉਤੇ ਮੁਢਲੇ ਕੰਮ ਕਰ ਸਕਣ। ਸਤਿਗੁਰੂ ਜੀ ੫ ਫਰਵਰੀ ਤਕ ਗੋਲੇ ਦੇ ਫਾਰਮ ਵਾਲੇ ਇਲਾਕੇ ਵਿਚ ਰਹਿ ਕੇ ਲੋੜੀਂਦੀ ਉਸਾਰੀ ਅਥਵਾ ਤਿਆਰੀ ਕਰਵਾਣਗੇ।

### ਸੰਤ ਗੁਰਦਿਤ ਸਿੰਘ ਦੇ
### ਵਰੀਣੇ ਦਾ ਭੋਗ

ਲਾਇਬਰੇਰੀ ਦੀਆਂ ਚਾਬੀਆਂ ਮੰਗਵਾਕੇ ਅਸੀਂ ਨਾਮ-ਧਾਰੀ ਧਰਮਸਾਲਾ ਵਿੱਚ ਠੇਕੇਦਾਰ ਬਲਬੀਰ ਸਿੰਘ ਦੇ ਪਿਤਾ ਸੰਤ ਗੁਰਦਿਤ ਸਿੰਘ ਦੇ ਵਰੀਣੇ ਸਮੇਂ ਪੈਂਦਾ ਭੋਗ ਸੁਣਨ ਲਈ ਜਾ ਬੈਠੇ। ਏਥੇ ਇਕ ਸੰਖੇਪ ਤਕਰੀਰ ਵਿਚ ਸੰਤ ਸੰਤਾ-ਸਿੰਘ ਮਿਸਤਰੀ ਜੀਵਨ ਨਗਰ ਦੇ ਛੋਟੇ ਭਾਈ ਤੇ ਸੰਤ ਵਰਿਆਮ ਸਿੰਘ ਮੁਸੱਵਰ ਦੀ ਪਤਨੀ ਬੀਬੀ ਤੇਜ ਕੌਰ ਦੇ ਭ੍ਰਾਤਾ ਸੰਤ ਤੇਜਾ ਸਿੰਘ 'ਕੰਵਲ' ਨੇ ਦੱਸਿਆ ਕਿ ਇਹਨਾਂ ਦੇ ਪਿੰਡ ਕੋਲ ਖਾਰਾ (ਜ਼ਿ: ਸਿਆਲਕੋਟ) ਵਿੱਚ ਇਕ ਨਾਮ-ਧਾਰੀ ਸੰਤ ਮੂਲਾ ਸਿੰਘ ਰਿਹਾ ਕਰਦਾ ਸੀ, ਸੰਤ ਗੁਰਦਿਤ ਸਿੰਘ ਦੇ ਘਰੋਂ, ਉਹਦੀ ਪੋਤਰੀ ਸੀ।

### ਮਾਣ ਭੰਗ

ਦੇਥੋਂ ਦਾ ਇਕ ਨਾਮਧਾਰੀ, ਮਹੰਤ ਵਧਾਵਾ ਸਿੰਘ ਏਡਾ ਅਭਿਮਾਨੀ ਸੀ ਕਿ ਉਹ ਰਾਵੀ ਅਤੇ ਚਨਾਬ ਦੇ ਦਰਮਿਆਨ ਆਪਣੀ ਸਿੱਖੀ ਸੇਵਕੀ ਬਣਾਣੀ ਤੇ ਵਧਾਣੀ ਚਾਹੁੰਦਾ ਸੀ। ਜਦੋਂ ਇਕ ਮੇਲੇ ਤੇ ਗੁਰੂ ਹਰੀ ਸਿੰਘ ਜੀ ਏਥੇ ਆਏ ਤਾਂ ਇਕ ਬਹੁਤ ਵਧੀਆ ਘੋੜੀ ਤੇ ਚੜ੍ਹਿਆ ਮਹੰਤ ਵਧਾਵਾ ਸਿੰਘ ਇਹ ਉੱਤੇਜਨਾ ਦੇਣ ਲਗਾ ਕਿ ਗੁਰੂ ਹਰੀ ਸਿੰਘ ਜੀ ਵੀ ਆਪਣੀ ਘੋੜੀ ਨੂੰ ਉਸਦੀ ਘੋੜੀ ਨਾਲ ਦੁੜਾਣ। ਸਤਿਗੁਰੂ ਜੀ ਨੇ ਬਥੇਰਾ ਸਮਝਾਇਆ ਕਿ ਉਹ ਘੋੜ ਸਵਾਰ ਨਹੀਂ, ਉਹ ਤਾਂ ਮਾਮੂਲੀ ਸਵਾਰੀ ਕਰਦੇ ਹਨ ਪਰ ਅਭਿਮਾਨੀ ਵਧਾਵਾ ਸਿੰਘ ਦਾ ਮਨੋਰਥ ਸਤਿਗੁਰਾਂ ਨੂੰ ਮੁਕਾਬਲੇ ਵਿਚ ਲਿਆ ਹੇਠੀ ਵਖਾਣਾ ਸੀ। ਸਿੱਖਾਂ ਦੇ ਬੇਨਤੀ ਕਰਨ ਤੇ, ਅੰਤ ਸਤਿਗੁਰੂ ਜੀ ਨੇ ਘੋੜੀ ਨੂੰ ਅੱਡੀ ਲਾਈ, ਪਰ ਥੋੜਾ ਦੋੜਦਿਆਂ ਹੀ ਮਹੰਤ ਘੋੜੀਓਂ ਡਿੱਗ ਪਿਆ ਅਤੇ ਸਤਿਗੁਰੂ ਜੀ ਦੇ ਨਿਰਾਦਰ ਦੀ ਇੱਛਾ ਰਖਣ ਵਾਲੇ ਦੀ ਆਪਣੀ ਰਜ ਕੇ ਨਿਰਾਦਰੀ ਹੋਈ। ਲੋਕਾਂ ਆਖਿਆ : ਹੈਂਕੜਬਾਜ਼ ਦਾ ਇਹੋ ਹਾਲ ਹੋਣਾ ਚਾਹੀਦਾ ਸੀ। ਸਤਿਗੁਰਾਂ ਨੇ ਸਿੱਖਾਂ ਦੇ ਆਗ੍ਰਹਿ ਕਰਨ ਤੇ ਉਸਦੀ ਮਹੰਤੀ ਖੋਹ ਕੇ ਸੰਤ ਮੂਲਾ ਸਿੰਘ ਨੂੰ ਇਹ ਸਤਿਕਾਰ ਦਿੱਤਾ।

### ਪੀਰ ਨੇ ਪਰਖਿਆ

ਗੁਰੂ ਹਰੀ ਸਿੰਘ ਜੀ ਨੂੰ ਘੋੜ ਦੋੜ ਦਾ ਸ਼ੌਕ ਨਹੀਂ ਸੀ ਤੇ ਇਸ ਦੇ ਉਲਟ ਸਤਿਗੁਰੂ ਪ੍ਰਤਾਪ ਸਿੰਘ ਜੀ ਰੇਸ ਘੋੜੇ ਪਾਲਦੇ ਤੇ ਰੇਸਾਂ ਵਿਚ ਦੁੜਵਾਂਦੇ ਸਨ। ਇਸ ਦੀ ਵਿਆਖਿਆ ਕਰਦਿਆਂ ਸੰਤ ਤੇਜਾ ਸਿੰਘ ਕੰਵਲ ਨੇ ਦੱਸਿਆ, ਇਕ ਵਾਰ ਉਨ੍ਹਾਂ ਦੇ ਨਜ਼ਦੀਕੀ ਪਿੰਡ ਅਲੀਪੁਰ (ਜ਼ਿਲਾ ਸਿਆਲਕੋਟ) ਦੇ ਪੀਰਾਂ ਨੇ ਆਪਣੇ ਇਕ ਮੁਤਾਣੇ ਘੋੜੇ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰੀਖਿਆ ਲਈ ਮੈਦਾਨ ਵਿਚ ਲੈ ਆਂਦਾ।

ਪੀਰ ਜੀ ਆਪ ਤੇ ਉਹਦੇ ਚੇਲੇ ਘੋੜ ਸਵਾਰੀ ਕੀਤਾ ਕਰਦੇ ਸਨ ਪਰ ਇਕ ਘੋੜਾ ਏਨਾ ਜਬਰ ਨਿਕਲਿਆ ਕਿ ਉਹ ਉਹਨਾਂ ਤੋਂ ਸਵਾਰੀ ਨਹੀਂ ਸੀ ਕਰਵਾਂਦਾ। ਜਿਉਂ ਹੀ ਕੋਈ ਘੋੜੇ ਤੇ ਚੜਦਾ ਉਹ ਤੁਰੰਤ ਦੁਹਾਂ ਪਿਛਲੇ ਪੈਰਾਂ ਤੇ ਖੜਾ ਹੋ ਜਾਂਦਾ ਤੇ ਸਵਾਰ ਨੂੰ ਹੇਠਾਂ ਪਟਕਾ ਮਾਰਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਘੋੜਿਆਂ ਬਾਰੇ ਸ਼ੌਕ ਜਾਣਕੇ ਪੀਰ ਜੀ ਨੇ ਉਹਨਾਂ ਦੇ ਆਇਆਂ ਵੰਗਾਰ ਪਾ ਦਿੱਤੀ : ਆਪ ਤਕੜੇ ਘੁੜ-ਸਵਾਰ ਹੋ। ਸਾਡਾ ਇਹ ਘੋੜਾ ਬੜਾ ਮੂੰਹ ਜ਼ੋਰ ਹੈ। ਕਿਸੇ ਨੂੰ ਸਵਾਰੀ ਨਹੀਂ ਕਰਨ ਦਿੰਦਾ। ਸਾਡੇ ਕਿਸੇ ਕੰਮ ਦਾ ਨਹੀਂ। ਜਾਂ ਲੈ ਜਾਓ ਜਾਂ ਇਸ ਤੇ ਚੜ੍ਹ ਕੇ ਵਖਾਓ ਤੇ ਸਿਧਾਓ।

ਸਤਿਗੁਰੂ ਜੀ ਨੇ ਮੁਤਾਣੇ ਘੋੜੇ ਨੂੰ ਫੜ ਕੇ ਖੱਬੀ ਦੇ



Sri Satguru Jagjit Singh Ji Elibrary NamdhariElibrary@gmail.com

ਲਈ ਅਲਾਣੇ ਤੇ ਹੀ ਪਲਾਕੀ ਮਾਰ ਕੇ ਚੜ ਗਏ ਸੈਂਕੜਿਆਂ ਦੀ ਗਿਣਤੀ ਵਿਚ ਤਮਾਸ਼ਬੀਨ ਦੁਆਲੇ। ਘੋੜਾ ਸਿੱਧਾ ਤਣ ਗਿਆ। ਉਸ ਪਿੰਡਾ ਛਿਣਕਿਆ। ਸਤਿਗੁਰੂ ਤੇਜ਼ੀ ਨਾਲ ਹੇਠਾਂ ਉਤਰ ਆਏ। ਲੋਕਾਂ ਦੇ ਹਜੂਮ ਨੂੰ ਘੋੜੇ ਅਤੇ ਸਤਿਗੁਰਾਂ ਬਿਨਾਂ ਹੋਰ ਕੁਝ ਨਹੀਂ ਸੀ ਦਿਸਦਾ। ਇਹਨਾਂ ਘੋੜੇ ਦੇ ਮੂੰਹ ਮੱਥੇ ਤੇ ਪਿਆਰ ਭਰਿਆ ਹੱਥ ਫੇਰਿਆ। ਫਿਰ ਪਲਾਕੀ ਮਾਰੀ। ਘੋੜਾ ਹਿਣਕਿਆ ਬੁੜਕਿਆ। ਅੱਡੀ ਖਾਕੇ ਸਿੱਧਾ ਹੋ ਤੁਰਨ ਦੀ ਥਾਂ ਪਿਛਲੀਆਂ ਟੰਗਾਂ ਤੇ ਤਣ ਕੇ ਖਲੋ ਗਿਆ। ਸਤਿਗੁਰੂ ਜੀ ਫਿਰ ਚੋਕਸੀ ਨਾਲ ਉਤਰ ਆਏ। ਅਤੇ ਜਦੋਂ ਤੀਜੀ ਵਾਰ ਸਤਿਗੁਰਾਂ ਨੇ ਸਵਾਰੀ ਕੀਤੀ। ਅੱਡੀ ਖਾਂਦਿਆਂ ਹੀ ਘੋੜਾ ਸਿੱਧਾ ਤੁਰ ਦੋੜ ਪਿਆ। ਲੋਕਾਂ ਮੰਨਿਆਂ ਕਿ ਕੂਕਿਆਂ ਦਾ ਗੁਰੂ ਬੜਾ ਬਲੀ ਹੈ। ਪੀਰ ਜੀ ਨੇ ਵੀ ਗੁਰੂ ਜੀ ਨੂੰ ਸਲਾਮਾਂ ਕੀਤੀਆਂ। ਕ੍ਰਿਤੱਗਤਾ ਪ੍ਰਗਟ ਕੀਤੀ ਕਿ ਘੋੜੇ ਨੂੰ ਉਹਨਾਂ ਦੇ ਹੱਕ ਵਿਚ ਸਿੱਧਾ ਦਿਤਾ ਗਿਆ ਹੈ।

ਕੰਵਲ ਜੀ ਨੇ ਇਹ ਵੀ ਦੱਸਿਆ ਕਿ ਪਿਛਲੇ ਸਮੇਂ ਦੇ ਨਾਮਧਾਰੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਖਿਮਾ ਸ਼ੀਲਤਾ ਤੇ ਕਰਮ ਜੀਵਨ ਵੇਖ ਕੇ ਆਖਦੇ ਹਨ ਕਿ ਇਹ ਤਾਂ ਗੁਰੂ ਹਰੀ ਸਿੰਘ ਜੀ ਦਾ ਹੀ ਅਵਤਾਰ ਹਨ। ਇਹਨਾਂ ਦੀ ਉਦਾਰਤਾ ਤੇ ਗਹਿਰਾਈ ਦਾ ਕੋਈ ਹੰਨਾ ਬੰਨਾ ਨਹੀਂ।

## ਬੰਬਈ ਸੰਗੀਤ ਸਮੇਲਨ ਦੀਆਂ ਤਾਰੀਖਾਂ

'ਸ਼ਤਾਬਦੀ ਨਿਊਜ਼' ਦੀਆਂ ਕਾਪੀਆਂ ਲੈ ਕੇ ਜਦੋਂ ਅਸੀਂ I-C/੧੭ ਵਿਚ ਗੁਰਦੇਵ ਸਿੰਘ ਹਰਭਜਨ ਸਿੰਘ ਹੁਰਾਂ ਪਾਸ ਪਹੁੰਚੇ ਤਾਂ ਉਥੇ ਹੀ ਸ੍ਰ. ਹਰਵਿੰਦਰ ਸਿੰਘ ਹੰਸਪਾਲ, ਸ੍ਰ. ਸੁਰਜੀਤ ਸਿੰਘ (ਇੰਗਲੈਂਡ ਤੋਂ ਆਏ ਹੋਏ), ਡਾ: ਅਮਰ ਭਾਰਤੀ ਅਤੇ ਸ੍ਰੀ ਗੁਰਭਜਨ ਸਿੰਘ ਹੁਰੀਂ ਵੀ ਮਿਲ ਪਏ।

ਗੁਰਦੇਵ ਸਿੰਘ ਨੇ ਦੱਸਿਆ ਕਿ ਨਾਮਧਾਰੀ ਸੰਗਤ ਅਥਵਾ ਸ੍ਰੀ ਸਤਿਗੁਰੂ ਜੀ ਵਲੋਂ ਹੋ ਰਹੇ ਬੰਬਈ ਵਿਚ ਸ਼ਾਸਤਰੀ ਸੰਗੀਤ ਸਮਾਰੋਹ ਦੀਆਂ ਤਾਰੀਖਾਂ ੩,੪,੬,੭ ਅਤੇ ੮ ਅਪਰੈਲ ੧੯੭੮ ਨਿਸ਼ਚਿਤ ਹੋਈਆਂ ਹਨ। ਕਲਕਤੇ ਵਿਚ ਗੱਲਬਾਤ ਦੌਰਾਨ ੨,੩,੪, ਤੇ ੫ ਮਾਰਚ ਸਨ। ਪਰ ਲੋੜੀਂਦਾ ਹਾਲ ਮਾਰਚ ਦੇ ਸਾਰੇ ਮਹੀਨੇ ਵਿਚ ਹੀ ਵਿਹਲਾ ਨਹੀਂ ਸੀ। ਹੁਣ ਅਪਰੈਲ ਵਾਸਤੇ ਬੁਕ ਕਰਵਾ ਦਿੱਤਾ ਹੈ। ਠਾਕੁਰ ਉਦੇ ਸਿੰਘ ਏਸੇ ਕਾਰਨ ਬੰਬਈ ਗਏ ਸਨ ਤੇ ਗੁਰ-ਦੇਵ ਸਿੰਘ ਨੂੰ ਮਿਲ ਤਾਰੀਖਾਂ ਦੱਸ ਕੇ ਹੁਣ ਜੀਵਨ ਨਗਰ ਗਏ ਹਨ।

## ੨੯ ਜਨਵਰੀ ੧੯੭੮, ਐਤਵਾਰ
## ਨਵੀਂ ਦਿੱਲੀ

### ਸਿਆਨ ਦਾ ਆਉਣਾ

੫-੪ ਦਿਨ ਪਹਿਲਾਂ ਇੰਗਲੈਂਡ ਚੋਂ ਸ੍ਰ. ਸਵਰਨ ਸਿੰਘ ਸਿਆਨ ਦੀ ਚਿੱਠੀ ਆਈ ਸੀ ਕਿ ਉਹ ੨੯.੧.੭੮ ਨੂੰ ਭਾਰਤ ਆ ਰਿਹਾ ਹੈ। ਇਸੇ ਭਾਵ ਦੀ ਚਿੱਠੀ ਗੁਰਭਜਨ ਸਿੰਘ ਨਾਮਧਾਰੀ ਟ੍ਰੈਵਲਜ਼ ਵੱਲ ਸੀ। ਉਸ ਨੂੰ ਹਵਾਈ ਅੱਡੇ ਤੇ ਪਹੁੰਚਣ ਲਈ ਵੀ ਕਿਹਾ ਗਿਆ ਸੀ। ਮੈਂ ਰਾਤੀਂ ਸ੍ਰੀ ਗੁਰਭਜਨ ਸਿੰਘ ਦੇ ਘਰ ਰਾਜਿੰਦਰ ਨਗਰ ਹੀ ਜਾ ਸੁਤਾ। ਅਮ੍ਰਿਤ ਵੇਲੇ ੩ ਵਜੇ ਅਸੀਂ ਪਾਲਮ ਏਅਰ ਪੋਰਟ ਤੇ ਜਾ ਪੁਜੇ।

ਏਅਰ ਇੰਡੀਆ ਦਾ ਜਹਾਜ਼ ੨.੩੦ ਵਜੇ ਤੜਕੇ ਦਾ ਹੀ ਪਾਲਮ ਪੋਰਟ ਤੇ ਆਣ ਉਤਰਿਆ ਸੀ। ਕਸਟਮ ਹੁੰਦੇ ਕਰਦਿਆਂ ੪ ਵਜ ਗਏ। ਸਵਰਨ ਸਿੰਘ ਅਤੇ ਇਸ ਦਾ ਪਿਤਾ ਸ੍ਰ. ਸ਼ਿਵ ਸਿੰਘ, ਦੋਵੇਂ ਆਏ ਸਨ। ਨਾਮਧਾਰੀ ਹਨ ਤੇ ਇੰਗਲੈਂਡ ਦੇ ਕਸਬੇ ਮੇਡਨ ਹੈੱਡ ਵਿਚ ਰਹਿੰਦੇ ਹਨ।

ਰਾਜਿੰਦਰ ਨਗਰ ਪਹੁੰਚ, ਗੱਲਾਂ ਬਾਤਾਂ ਵਿਚ ਸ. ਸਵਰਨ ਸਿੰਘ ਨੇ ਦੱਸਿਆ ਉਹਨਾਂ ੩-੪ ਵਾਧੂ ਛੁੱਟੀਆਂ ਲੈ ਕੇ, ਪਹਿਲਾਂ ਆਉਣ ਦਾ ਜਤਨ ਇਸ ਲਈ ਕੀਤਾ ਹੈ ਕਿ ਯੂ. ਕੇ. ਵਿਚ ਪਤਾ ਲਗਾ ਸੀ ਕਿ ੨੯.੧.੭੮ ਨੂੰ ਸਤਿਗੁਰੂ ਜੀ ਅਫਰੀਕਾ ਜਾਣ ਵਾਲੇ ਹਨ। ਜੀ ਕਰਦਾ ਸੀ ਜਾਂਦਿਆਂ ਸਾਰ ਦਿੱਲੀ ਵਿਖੇ ਹਜ਼ੂਰ ਦੇ ਦਰਸ਼ਨ ਕਰ ਚਰਨ ਪਰਸ ਕੇ ਹੀ ਪੰਜਾਬ ਜਾਈਏ ਸੋ ੩ ਫਰਵਰੀ ਦੀ ਥਾਂ ੨੭ ਜਨਵਰੀ ਦੀ ਹੀ ਹਵਾਈ ਟਿਕਟ ਲੈ ਲਈ।

ਸ੍ਰ. ਸ਼ਿਵ ਸਿੰਘ ਜਲੰਧਰ ਜ਼ਿਲੇ ਦੇ ਪਿੰਡ ਸੁਲਤਾਨ ਪੁਰ ਦੇ ਵਸਨੀਕ ਹਨ। ਪਹਿਲਾਂ ਅਫ਼ਰੀਕਾ ਵਿਚ ਰਹਿੰਦੇ ਸਨ। ਸ੍ਰ. ਖੜਕ ਸਿੰਘ ਭਮਰਾ ਜੁ ਅੱਜ ਕਲ ਯੂ. ਕੇ. ਵਿਚ ਮੇਡਨ ਹੈੱਡ ਦਾ ਰਿਹਾਇਸ਼ੀ ਹੈ ਦੇ ਘਰ ਇਹਨਾਂ ਦੀ ਪੁੱਤਰੀ ਹੈ। ਇਹਨਾਂ ਦਾ ਲੜਕਾ ਸਵਰਨ ਸਿੰਘ ਜੋ ਭਮਰਾ-ਪਤਨੀ ਗਿਆਨ ਕੋਰ ਦਾ ਛੋਟਾ ਭਾਈ ਹੈ, ਬੜਾ ਅਸੀਲ, ਸਾਊ ਸੁਘੜ ਤੇ ਆਗਿਆਕਾਰ ਹੈ। ਇਸਦੀ ਵਿਚੋਲਗੀ ਦਾ ਮੌਕਾ ਮੈਨੂੰ ਮਿਲਿਆ ਜਦੋਂ ਪ੍ਰਸਿੱਧ ਦੇਸ਼ ਭਗਤ, ਆਲਾ ਦਰਜੇ ਦੇ ਕਵੀ ਅਤੇ ਮਾਸਿਕ ਪਤ੍ਰਿਕਾ 'ਕਵੀ' ਦੇ ਸੰਪਾਦਕ ਸ੍ਰ. ਮੁਨਸ਼ਾ ਸਿੰਘ ਦੁਖੀ ਦੀ ਸਪੁਤਰੀ ਬਲਰਾਜ ਦੇ ਇਸ ਨਾਲ ਸੰਬੰਧ ਸਥਾਪਤ ਕਰਨ ਦਾ ਸੁਆਲ ਪੈਦਾ ਹੋਇਆ।

ਸਵਰਨ-ਬਲਰਾਜ ਜੋੜੇ ਦੇ ਤਿੰਨ ਸਪੁਤਰੀਆਂ ਹਨ,



Sri Satguru Jagjit Singh Ji Elibrary NamdhariElibrary@gmail.com

ਵਿੱਦੂ, ਕਿੱਦੂ ਤੇ ਟਿੰਪੀ (ਛੋਟੇ ਨਾਮ)।

ਪਿਤਾ ਪੁੱਤਰ ਦੀ ਭਾਰਤ ਯਾਤਰਾ ਦਾ ਮਨੋਰਥ ਹੈ, ੭੦ ਤੋਂ ਵੱਧ ਸਾਲਾਂ ਦੇ ਪਿਤਾ ਦੀ ਸਿਹਤ ਲਈ ਠੀਕ ਮੌਸਮ ਅਤੇ ਫਗਵਾੜੇ ਵਿਚਲੇ ਮਕਾਨ ਨੂੰ ਖਾਲੀ ਕਰਵਾਣਾ, ਲੁਧਿਆਣਾ ਵਿਚਲੇ ਪਲਾਟ ਦੀ ਨੀਂਹ ਉਸਾਰੀ।

ਇਹ ਉਹ ਸੱਜਣ ਹਨ ਜਿਹੜੇ ਜਦ ਤਕ ਸਤਿਗੁਰੂ ਜੀ ਇੰਗਲੈਂਡ ਰਹਿਣ ਤਦ ਤਕ ਕਮਾਊ ਨੌਕਰੀਆਂ ਤੋਂ ਛੁਟੀ ਕਰਕੇ ਆਪ ਜੀ ਦੀ ਸੰਗਤ ਦਾ ਅਨੰਦ ਲੁਟਦੇ ਹਨ।

## ਅਣਸੁਖਾਵੀਂ ਚਿੱਠੀ

ਮੈਨੂੰ ਪੱਤਰ ਆਇਆ ਕਿ ਮੇਰੀ ਸੱਸ, ਬੇਬੇ ਆਸ ਕੌਰ ਮਿਰਤੂ ਦੇ ਕਰੀਬ ਹੈ, ਮੈਂ ਚਿੱਠੀ ਵਿਹੰਦਿਆਂ ਹੀ ਚਲਿਆ ਆਵਾਂ। ਮੇਰੀ ਸੱਸ ਦਾ ਪਰਵਾਰ ਪਿੰਡ ਕੰਗ ਅਰਾਈਆਂ ਫਲੌਰ ਦੇ ਨਜੀਦਕ ਜ਼ਿਲਾ ਜਲੰਧਰ ਵਿਚ ਰਹਿੰਦਾ ਹੈ। ਮੇਰਾ ਸਹੁਰਾ ਸਾਹਿਬ ਸ੍ਰ. ਹੀਰਾ ਸਿੰਘ ਖੁਲਾਸਾ ਜਿਹਾ ਨਾਮਧਾਰੀ ਸੀ। ਆਸਥਾ ਸਤਿਗੁਰੂ ਰਾਮ ਸਿੰਘ-ਸਤਿਗੁਰੂ ਪ੍ਰਤਾਪ ਸਿੰਘ ਜੀ ਉਤੇ ਸੀ ਪਰ ਤੌਰ ਤਰੀਕੇ ਅਗਲੇ ਪਰਵਾਰ ਦੇ ਨਾਮਧਾਰੀਆਂ ਵਰਗੇ ਨਹੀਂ ਸਨ। ਬੇਬੇ ਆਸ ਕੌਰ ਸ੍ਰ. ਸ਼ਾਮ ਸਿੰਘ ਅਟਾਰੀ ਦੇ ਖਾਨਦਾਨ ਵਿਚੋਂ ਹੈ ਤੇ ਇਸਦਾ ਵੱਡਾ ਪੁੱਤਰ ਸ੍ਰ. ਹਰਬੰਸ ਸਿੰਘ ਪਰਵਾਨਾ ੮-੧੦ ਸਾਲ ਸ੍ਰੀ ਭੈਣੀ ਸਾਹਿਬ ਵਿਚ ਵੈਟਰਨਰੀ ਸੇਵਾ ਕਰ ਮੁੜਿਆ ਹੈ।

ਮੈਂ ਫੈਸਲਾ ਕੀਤਾ ਹੈ ਪਹਿਲਾਂ ਸਰਸਾ ਦਾ ਨਾਮਧਾਰੀ ਇਕੱਠ ਵੇਖਕੇ ਹੀ ਆਪਣੀ ਸੱਸ ਦੇ ਅੰਤਮ ਦਰਸ਼ਨ ਕਰਾਂ, ਜੇ ਉਹ ਮੇਰੇ ਜਾਣ ਤਕ ਬਚੀ ਰਹੇ। ਸਮਾਜ ਤੇ ਆਈ ਬਿਪਤਾ ਸਮੇਂ ਮੇਰਾ ਸਮਾਜ ਵਿਚ ਰਹਿਣਾ ਹੀ ਜ਼ਰੂਰੀ ਹੈ।

### ੩੦ ਜਨਵਰੀ ੧੯੭੯, ਮੰਗਲਵਾਰ
### ਨਵੀਂ ਦਿੱਲੀ

## ਦਿਨ ਘਟਾਈ

ਸ਼ਾਮੀ ਸ੍ਰੀ ਗੁਰਦੇਵ ਸਿੰਘ ਸਰੋਦ ਮੈਨੂੰ ਘਰ ਆਕੇ ਮਿਲਿਆ। ਕੁਛ ਪਰਵਾਰਕ ਗੱਲ ਬਾਤ ਪਿਛੋਂ ਉਸ ਦਸਿਆ ਕਿ ਬੰਬਈ ਵਿਖੇ ਅਪਰੈਲ ਵਿਚ ਕੀਤੇ ਜਾਣ ਵਾਲੇ ਸੰਗੀਤ ਸਮਾਰੋਹ ਦਾ ਪੂਰੀ ਤਰ੍ਹਾਂ ਜੋੜ ਜਮਾਂ ਕੀਤਿਆਂ ਰਕਮ ਇਕ ਲੱਖ ਤਕ ਜਾ ਅਪੜਦੀ ਹੈ, ਸੋ ਪ੍ਰਬੰਧਕਾਂ ਨੇ ਇਸ ਦੇ ਦਿਨ ਅਤੇ ਕਲਾਕਾਰ ਘਟਾਣ ਦੀ ਪਰਵਾਨਗੀ ਲਈ ਹਰਭਜਨ ਸਿੰਘ ਸਿਤਾਰ ਨੂੰ ਸ੍ਰੀ ਸਤਿਗੁਰੂ ਜੀ ਪਾਸ ਗੋਲਾ ਗੋਕਰਨ ਨਾਥ ਯੂ. ਪੀ. ਫਾਰਮ ਵਿਖੇ ਭੇਜਿਆ ਹੈ, ਇਸ ਦੀ ਆਪਣੀ ਸਿਹਤ ਖਰਾਬ ਹੋਣ ਕਰਕੇ।

## ਹਾਦਸਾ

ਮੈਨੂੰ ਇਹ ਵੀ ਪਤਾ ਲਗਾ ਕਿ ਇਕ ਦਿਨ ਪਹਿਲਾਂ ਡੱਬਵਾਲੀ ਰੋਡ ਤੇ ਹੋਏ ਹਾਦਸੇ ਕਾਰਨ ਭਾਈ ਘਸੀਟਾ ਸਿੰਘ ਦੇ ਲੜਕੇ ਸੁਰਜੀਤ ਸਿੰਘ ਅਤੇ ਜੁਆਈ ਪੂਰਨ ਸਿੰਘ ਦੀ ਮ੍ਰਿਤੂ ਹੋ ਗਈ ਹੈ।

### ੩੧ ਜਨਵਰੀ ੧੯੭੯ ਬੁਧਵਾਰ
### ਰਾਣੀਆਂ

## ਬਦਅਮਨੀ ਵਿਚ ਦਿਲਚਸਪੀ

ਦਿੱਲੀਓਂ ਚਲਕੇ ਬੱਸ ਦੁਆਰਾ ਲਉਢੇ ਪਹਿਰ ੩ ਵਜੇ ਰਾਣੀਆਂ ਪਹੁੰਚ ਗਿਆ। ਆਪਣੇ ਜੁਆਤਰੇ ਸ੍ਰੀ ਬਲਬੀਰ ਸਿੰਘ-ਉਪਮੇਸ਼ ਕੇ ਘਰ ਜਾ ਡੇਰੇ ਲਾਏ। ਏਥੇ ਮੈਨੂੰ ਚਿਰ ਪਰਚਿਤ ਇਕ ਮਿੱਤਰ ਮਿਲਿਆ। ਉਸ ਦਾ ਘਰ ਰਾਣੀਆਂ ਹੀ ਹੈ। ਉਸਨੇ ਦਸਿਆ ਕਿ ਪਿਛਲੇ ਦਿਨੀਂ ਜਨਤਾ ਪਾਰਟੀ ਵਲੋਂ ਇਕ ਜਲਸਾ ਰਾਣੀਆਂ ਵਿਚ ਹੋਇਆ ਇਸ ਵਿਚ ਕੁਛ ਬੁਲਾਰਿਆਂ ਨੇ ਨਾਮਧਾਰੀਆਂ ਦੀ ਨਿੰਦਾ ਵਿਚ ਕੋਈ ਕਸਰ ਨਾ ਛੱਡੀ ਤੇ ਮੇਰੇ ਜਾਣੂੰ ਨੇ ਸਾਰੇ ਜੀਵਨ ਨਗਰ ਇਲਾਕੇ ਵਿਚ ਬਦਅਮਨੀ ਵਿਚ ਹਰਿਆਣੇ ਦੇ ਮੁਖ ਮੰਤਰੀ ਦੀ ਦਿਲਚਸਪੀ ਵੀ ਦੱਸੀ।

ਇਕ ਕਾਤਲ ਦੀ ਖ਼ੂਨ ਲਿਬੜੇ ਕਪੜਿਆਂ ਨਾਲ, ਥਾਣੇ ਆ ਵੱਦੀ ਦੇਣ ਦੀ ਕੋਸ਼ਿਸ਼ ਜਦੋਂ ਥਾਣੇਦਾਰ ਰਾਣੀਆਂ ਨੇ ਨਾਕਾਮ ਕੀਤੀ ਤਾਂ ਮੁਖ ਮੰਤਰੀ ਨੇ ਥਾਣੇਦਾਰ ਨੂੰ ਦੋਸ਼ੀ ਹਵਾਲਾਤੇ ਰਖਣ ਦੇ ਅਪਰਾਧ ਵਿਚ ਤਬਦੀਲ ਕਰਨ ਦੇ ਆਰਡਰ ਕਰਵਾ ਦਿਤੇ। ਠਾਣੇਦਾਰ ਚਲਾ ਗਿਆ ਹੈ। ਮੁਕਦਮਾ ਚਲਦਾ ਰਹੇਗਾ। ਬਦਲ ਜਾਣ ਵਾਲੇ ਠਾਣੇਦਾਰ ਨੇ ਉਸ ਸਾਜ਼ਸ਼ ਤੋਂ ਜ਼ਰਾ ਕੁ ਪਰਦਾ ਸਰਕਾਇਆ ਹੈ ਜਿਸ ਨਾਲ ਇਲਾਕੇ ਵਿਚ ਹੋਰ ਸਰਕਰਦਾ ਨਾਮਧਾਰੀਆਂ ਨੂੰ ਕਤਲ ਕਰਨ ਦੀ ਵਿਉਂਤ ਹੈ।

ਮਿੱਤਰ ਤੋਂ ਅਜਿਹੀਆਂ ਗੱਲਾਂ ਸੁਣਕੇ ਨਾਮਧਾਰੀ ਇਲਾਕੇ ਵਿਚ ਵਾਪਰ ਰਹੇ ਨਾਜ਼ਕ ਤੇ ਤਣਾਉ ਪੂਰਣ ਹਾਲਾਤ ਦਾ ਪਤਾ ਲਗਾ।

### ੧ ਫਰਵਰੀ ੧੯੭੯ ਵੀਰਵਾਰ
### ਸਰਸਾ

ਮੈਂ ੧੦ ਵਜੇ ਸਰਸੇ ਪਹੁੰਚ ਗਿਆ। 'ਸਤਿਜੁਗ' ਦੀ ਮਾਲਕੀ ਵਾਲਾ ਸੰਪਾਦਕ ਗਿਆਨੀ ਗੁਰਦਿਆਲ ਸਿੰਘ ਮਿਲਿਆ। ਇਹ ਮੇਰਾ ਸਹਿਪਾਠੀ ਤੇ ਮਿੱਤਰਾਂ ਵਿਚੋਂ ਸੀ।



Sri Satguru Jagjit Singh Ji Elibrary NamdhariElibrary@gmail.com

ਇਸਨੇ ਬੀਤੇ ਕਤਲ ਤੇ ਹੁਣੇ ਹੋਏ ਹਾਦਸੇ ਨੂੰ 'ਟੋਏ ਪੁਟਦੇ ਨੂੰ ਖੂਹ ਤਿਆਰ' ਨਾਲ ਤੁਲਣਾ ਦੇਕੇ ਸਾਰੀ ਕਹਾਣੀ ਸੁਣਾਈ। ਅਤੇ ਨਾਲ ਹੀ ਗੱਲਾਂ ਬਾਤਾਂ ਕਰਦਿਆਂ ਮੈਨੂੰ ਜਲਸੇ ਵਾਲੀ ਥਾਂ ਲੈ ਗਿਆ।

## ਪੁਰ ਅਮਨ ਸੰਘਰਸ਼

ਗਿਆਰਾਂ ਵਜੇ ਤਕ ਕਾਫ਼ੀ ਲੋਕ ਆ ਪਹੁੰਚੇ ਸਨ। ਠੋਸ ਹਾਜ਼ਰੀ ੬੦੦੦ ਹੋਵੇਗੀ। ਇਸਤਰੀਆਂ ਇਸ ਵਾਰ ਪਹਿਲਾਂ ਤੋਂ ਵਧੇਰੇ ਹਨ। ੬-੭ ਸੌ ਦੇ ਕਰੀਬ। ਸਟੇਜ ਪਹਿਲਾਂ ਨਾਲੋਂ ਚਿਰਾਕਾ ਸਰਗਰਮ ਹੋਇਆ। ਸਰੋਤੇ ਬਹੁਤੇ ਨਾਮਧਾਰੀ ਸਨ। ਕਿਤੇ ਕਿਤੇ ਹਰੀਜਨ ਜਾਂ ਕੋਈ ਹੋਰ ਨਜ਼ਰ ਪੈਂਦਾ। ਇਸ ਵਿਸ਼ਾਲ ਤੇ ਭਰਵੇਂ ਇਕੱਠ ਵਿਚ ਜੋ ਕੁਛ ਬੋਲਿਆ ਗਿਆ ਉਹ ਨਾਮਧਾਰੀਆਂ ਵਲੋਂ ਸਤਿਗੁਰੂ ਜੀ ਦੀ ਸ਼ੋਭਾ ਤੇ ਨਿੰਦਕਾਂ ਦੇ ਝੂਠ ਦਾ ਵਿਰੋਧ ਸੀ ਅਤੇ ਮੁਖ ਮੰਤਰੀ ਹਰਿਆਣਾ ਚੌਧਰੀ ਦੇਵੀ ਲਾਲ ਦੀਆਂ ਜ਼ਿਆਦਤੀਆਂ ਦੇ ਵਿਰੁਧ ਡਟੇ ਰਹਿਣ ਦਾ ਐਲਾਨ ਸੀ।

ਪਰ ਜੋ ਗ਼ੈਰ ਨਾਮਧਾਰੀ ਵਕਤਾ ਬੋਲੇ, ਕਾਂਗਰਸੀ (ਇੰਦਰਾ) ਆਗੂ ਜਾਂ ਹਰੀਜਨ ਲੀਡਰ, ਉਹ ਨਾਮਧਾਰੀਆਂ ਨਾਲ ਹੁੰਦੀਆਂ ਜ਼ਿਆਦਤੀਆ ਨੂੰ ਨਿੰਦ ਕੇ ਸਮੁਚੇ ਦੇਸ਼ ਵਿਚ ਜਨਤਾ ਪਾਰਟੀ ਦੇ ਦਾਹੂ ਰੋਲ, ਬਦ ਇੰਤਜ਼ਾਮੀ ਤੇ ਭ੍ਰਿਸ਼ਟਾ-ਚਾਰ ਦੀ ਚਰਚਾ ਕਰਦੇ ਸਨ।

੧੧ ਤੋਂ ੨.੧੫ ਤਕ ਜਲਸੇ ਦੀ ਕਾਰਵਾਈ ਚੱਲੀ। ਸਟੇਜ ਸਕੱਤਰ ਸ੍ਰ. ਕੁਲਦੀਪ ਸਿੰਘ ਨਕੌੜਾ ਸੀ, ਸ੍ਰ. ਹਰਬੰਸ ਸਿੰਘ ਪੱਧਰੀ ਵਾਲਿਆਂ ਦਾ ਨੌਜਵਾਨ ਬੇਟਾ। ਵਕਤਾ ਸਨ: ਸੰਤ ਗੁਰਬਖ਼ਸ਼ ਸਿੰਘ ਰਾਮਪੁਰੀ, ਸ: ਸਵਰਨ ਸਿੰਘ ਸ੍ਰੀ ਜਗਜੀਤ ਨਗਰ, ਸ੍ਰੀ ਓਮ ਪ੍ਰਕਾਸ਼ ਚੁਟਾਲਾ, ਸ੍ਰੀ ਓਮ ਪ੍ਰਕਾਸ਼, ਸ੍ਰੀ ਮਨੀਰਾਮ, ਸ੍ਰੀ ਇੰਦਰਾਜ, ਨੰਬਰਦਾਰ ਅਮਰ ਸਿੰਘ ਸ੍ਰੀ ਜੀਵਨ ਨਗਰ, ਸ੍ਰ. ਹੀਰਾ ਸਿੰਘ ਸੰਤ ਨਗਰ (ਸਾਬਕਾ ਸਰਪੰਚ) ਜਥੇਦਾਰ ਨਿਰੰਜਨ ਸਿੰਘ ਕੱਕੜ, ਜਥੇਦਾਰ ਨਿਰੰਜਨ ਸਿੰਘ ਕੰਗਣਪੁਰ ਚੌਧਰੀ ਰਾਮ ਚੰਦਰ ਮੋਹਣ ਲਾਲ, ਸ੍ਰ. ਪ੍ਰੀਤਮ ਸਿੰਘ ਦਮਦਮਾ ਤੇ ਪ੍ਰੀਤਮ ਸਿੰਘ ਕਵੀ।

ਉੱਚੇ ਮੰਚ ਤੇ ਬਹੁਤ ਸਾਰੇ ਆਗੂ ਨਾਮਧਾਰੀ ਅਤੇ ਕਾਂਗਰਸੀ ਲੀਡਰ ਬੈਠੇ ਸਨ। ਕਾਂਗਰਸੀਆਂ (ਇੰਦਰਾ) ਨੇ ਨਾਮਧਾਰੀਆਂ, ਘੱਟ ਗਿਣਤੀਆਂ, ਜਿਨ੍ਹਾਂ ਨੇ ਕਾਂਗਰਸ ਨੂੰ ਵੋਟ ਦਿਤੇ ਉਹਨਾਂ ਵੋਟਰਾਂ ਨਾਲ ਹੁੰਦੀਆਂ ਜ਼ਿਆਦਤੀਆਂ ਦਾ ਵਿਰੋਧ ਪਰਗਟ ਕਰਦਿਆਂ ਨਾਮਧਾਰੀਆਂ ਤੋਂ ਅੱਗੇ ਹੋ ਕੇ ਮਰਨ ਦਾ ਐਲਾਨ ਕੀਤਾ। ਪਰ ਜੋ ਕੁਝ ਮੈਂ ਵੇਖਿਆ ਉਹ ਇਹ ਸੀ ਕਿ ਇਹ ਲੋਕ ਆਪਣੇ ਪਿਛੇ ਜਨਤਾ ਨੂੰ ਲਾਮਬੰਦ ਕਰਕੇ ਨਹੀਂ ਲਿਆਏ। ਜਿਵੇਂ ਨਾਮਧਾਰੀਆਂ ਜਤਨ ਕੀਤਾਂ ਜੇ ਇਹ ਵੀ ਕਰਦੇ ਤਾਂ ਜਲਸੇ ਦੀ ਹਾਜ਼ਰੀ ੧੫੦੦੦ ਦੇ ਕਰੀਬ ਹੋਣੀ ਸੀ।

ਜ਼ਿਲੇ ਦੀ ਜਨਤਾ ਪਾਰਟੀ ਦੇ ਉਪ ਪ੍ਰਧਾਨ ਨੇ ਸਤਿ-ਗੁਰਾਂ ਦੀ ਖਿਲਾਫ਼ਤ ਵਿਚ ਇਕ ਚੁਵਰਕੀ ਛਾਪ ਕੇ ਏਥੇ ਗੇਟ ਦੇ ਬਾਹਰਵਾਰ ਵੰਡੀ ਹੈ। ਉਹ ਚਾਂਹਦਾ ਹੈ ਕੋਈ ਛੇੜ ਛਿੜੇ, ਇਹ ਨਾਮਧਾਰੀਆਂ ਨੂੰ ਪੁਲਿਸ ਦੇ ਹਵਾਲੇ ਕਰਵਾਕੇ ਜਲਸਾ ਫੇਲ ਕਰਵਾਏ। ਪਰ ਨਾਮਧਾਰੀਆਂ ਬੜੇ ਧੀਰਜ ਤੋਂ ਕੰਮ ਲਿਆ ਹੈ।

## ਜਲੂਸ

ਸਵਾ ਦੋ ਵਜੇ ਨਾਮਧਾਰੀ ਸਿੰਘ-ਸਿੰਘਣੀਆਂ ਜਲੂਸ ਦੀ ਸ਼ਕਲ ਵਿਚ ਇਕ ਮੈਮੋਰੰਡਮ ਡੀ. ਸੀ. ਸ਼ਰਮਾ ਨੂੰ ਦੇਣ ਚੱਲੇ। ਮੈਮੋਰੰਡਮ ਸਾਰੀ ਪਬਲਕ ਨੂੰ ਸ੍ਰੀ ਮੋਹਣ ਲਾਲ ਨੇ ਪੜ੍ਹ ਕੇ ਸੁਣਾਇਆ ਫਿਰ ਹੱਥ ਖੜੇ ਕਰਕੇ ਪਰਵਾਨਗੀ ਲਈ। ਇਸ ਵੇਲੇ ਜਲੂਸ ਵਿਚ ੮੦੦੦ ਦੇ ਕਰੀਬ ਲੋਕ ਸਨ। ਹੱਥ ਵਿਚ ਮਾਟੋ ਸਨ ਤੇ ਨਾਅਰੇ ਲਗ ਰਹੇ ਸਨ:

ਸਤਿਗੁਰੂ ਪ੍ਰਤਾਪ ਸਿੰਘ ਜੀ—ਜ਼ਿੰਦਾਬਾਦ!
ਸਤਿਗੁਰੂ ਜਗਜੀਤ ਸਿੰਘ ਜੀ—ਜ਼ਿੰਦਾਬਾਦ!
ਨਾਮਧਾਰੀ ਏਕਤਾ—ਜ਼ਿੰਦਾਬਾਦ!
ਦੇਵੀ ਲਾਲ ਦੀ ਧੱਕੇ ਸ਼ਾਹੀ—ਨਹੀਂ ਚਲੇਗੀ!
ਪੁੱਤਰ ਤੰਤਰ—ਹਾਏ! ਹਾਏ!!
ਓਮ ਪ੍ਰਕਾਸ਼ ਦੀ ਧੱਕੇ ਸ਼ਾਹੀ—ਨਹੀਂ ਚਲੇਗੀ!
ਜਨਤਾ ਕੇ ਗਲੇ ਪਰ ਚਾਕੂ—ਦੇਵੀ ਲਾਲ ਡਾਕੂ!
ਗਲੀ ਗਲੀ ਮੇਂ ਸ਼ੋਰ ਹੈ—ਦੇਵੀ ਲਾਲ ਚੋਰ ਹੈ!
ਇਹ ਕੀ ਹੋਇਆ? ਲੰਗੜਾ ਮੋਇਆ!

ਨਾਮਧਾਰੀਆਂ ਤੋਂ ਕਾਂਗਰਸਵਾਦ ਭਾਰੂ ਜਾਪਦਾ ਸੀ। ਲੀਡਰ ਲੋਕਾਂ ਨੇ ਨਾਅਰੇ ਲੁਆਏ ਤੇ ਤਕਰੀਰਾਂ ਕੀਤੀਆਂ।

ਜਲੂਸ ਡੀ. ਸੀ. ਦੇ ਦਫਤਰ ਵਿਚ ਗਿਆ। ਮੈਂ ਨਿੱਜੀ ਤੌਰ ਤੇ ਡੀ. ਸੀ. ਦੇ ਦਫਤਰ ਤਕ ਨਹੀਂ ਪਹੁੰਚ ਸਕਿਆ। ਜੋ ਕੁਝ ਪਤਾ ਲਗਾ ਉਹ ਇਹ ਹੈ ਕਿ ਕਚਹਿਰੀਆਂ ਵਿਚ ਲੜਾਈ ਹੁੰਦੀ-ਹੁੰਦੀ ਬਚੀ। ਜਨਤਾ ਪਾਰਟੀ ਦਾ ਉਪ ਪਰਧਾਨ ਨਾਮਧਾਰੀ ਵਿਰੋਧ ਦਾ ਡੰਗਿਆ ਏਥੇ ਵੀ ਚੁਵਰਕੀ ਲੈਕੇ ਛੇੜਖਾਨੀ ਲਈ ਉਤਾਵਲਾ ਸੀ। ਸਬੱਬ ਨਾਲ ਡੀ. ਸੀ. ਕੋਲ ਸੀ। ਉਸਨੇ ਦਖਲ ਦੇ ਕੇ ਲੜਾਈ ਹੋਣ ਨਹੀਂ ਦਿੱਤੀ।

ਮੈਮੋਰੰਡਮ ਜੋ ਡੀ. ਸੀ. ਸਾਹਿਬ ਨੂੰ ਪੇਸ਼ ਕੀਤਾ ਗਿਆ ਉਸ ਦੇ ਦੋ ਪੇਜ ਸਨ। ਇਸ ਦੇ ਅੱਠ ਪੈਰਿਆਂ ਚੋਂ ਪਹਿਲੇ ਦੋ ਪੈਰਿਆਂ ਦਾ ਪਾਠ ਏਥੇ ਲਿਖਦਾ ਹਾਂ ਜੋ ਨਾਮਧਾਰੀਆਂ



Sri Satguru Jagjit Singh Ji Elibrary NamdhariElibrary@gmail.com

ਨਾਲ ਸੰਬੰਧਤ ਹਨ । ਦੂਜਿਆਂ ਵਿਚ ਆਮ ਜਨਤਾ ਦੀਆਂ ਮੰਗਾਂ ਹਨ ।

**ਮੈਮੋਰੰਡਮ**

"ਗਿਆਪਨ

"ਭਾਰਤ ਸਰਕਾਰ,
ਬਜ਼ਰੀਆ ਉਪ ਆਯੁਕਤ ਮਮੋਦੈ
ਸਰਸਾ ।

"ਹਰਿਆਣਾ ਸਰਕਾਰ ਕੋ ਸੱਤਾ ਸੰਭਾਲੇ ਕਰੀਬ ਸਾਤ ਮਾਹ ਹੋ ਗਏ ਹੈ । ਇਤਨੇ ਕੇ ਅਰਸੇ ਕੇ ਬਾਵਜੂਦ ਭੀ ਜਨਤਾ ਸਰਕਾਰ ਜਨ ਹਿਤ ਕੀ ਰਕਸ਼ਾ ਕਰਨੇ ਮੇਂ ਪੂਰਣਤਿਆ ਅਸਫਲ ਰਹੀ ਹੈ ਔਰ ਕਾਨੂੰਨ ਕੀ ਵਿਵਸਥਾ ਬਿਗੜੀ ਹੈ ।

"ਹਰਿਆਣਾ ਸਰਕਾਰ ਨੇ ਨਾਮਧਾਰੀ ਸਮਾਜ ਕੇ ਸ੍ਰੀ ਸਤਿਗੁਰੂ ਜੀ ਵ ਅੰਨਿਆ ਸਰਕਰਦਾ ਨਾਮਧਾਰੀਓਂ ਪਰ ਝੂਠੇ ਮੁਕੱਦਮੇ ਬਨਾਕਰ ਨਾਮਧਾਰੀ ਸੰਗਤ ਕੋ ਕੁਚਲਨੇ ਕਾ ਕੁਪ੍ਰਯਤਨ ਕੀਆ । ਇਸ ਕੇ ਲੀਏ ਐਫ. ਆਈ. ਆਰ. ਨੰ: ੧੯੮/੧੯੭੭ ਵ ੧੯੭/੧੯੭੭ ਥਾਨਾ ਰਾਨੀਆ ਉਲੇਖਨੀਆ ਹੈ । ਸਾਰੀ ਝੂਠੀ ਕਾਰਵਾਈਆਂ ਮੁਖਿਅ ਮੰਤਰੀ ਚੌਧਰੀ ਦੇਵੀ ਲਾਲ ਵ ਉਸ ਕੇ ਸਪੁਤਰ ਚੌਧਰੀ ਓਮ ਪ੍ਰਕਾਰ ਕੇ ਇਸ਼ਾਰੇ ਪਰ ਪੁਰਾਣੀ ਰੰਜਸ਼ ਦੀ ਵਜਹ ਸੇ ਕੀ ਜਾ ਰਹੀ ਹੈ । ਇਸ ਹਾਲਾਤ ਪਰ ਨਾਮਧਾਰੀ ਸੰਗਤ ੨੩.੧੨.੭੭ ਕੋ ਏਕ ਗਿਆਪਨ ਉਪਾਯੁਕਤ ਮਹੋਦੈ ਦਵਾਰਾ ਭਾਰਤ ਸਰਕਾਰ ਕੋ ਭੇਜਾ ਥਾ । ਐਸਾ ਪ੍ਰਤੀਤ ਹੋਤਾ ਹੈ ਕਿ ਉਸ ਗਿਆਪਨ ਪਰ ਆਜ ਤਕ ਕੋਈ ਕਾਰਵਾਈ ਨਹੀਂ ਹੂਈ ਹੈ ਬਲਕਿ ਨਾਮਧਾਰੀਓਂ ਕੇ ਸਰਕਰਦਾ ਆਦਮੀਓਂ ਕੋ ਕਤਲ ਕਰਵਾਇਆ ਜਾ ਰਿਹਾ ਹੈ । ਕਾਤਿਲੋਂ ਕੋ ਪਕੜਨੇ ਕੀ ਬਜਾਇ ਕਤਲ ਹੂਏ ਕੇ ਪਰਵਾਰ ਕੋ ਤੰਗ ਕੀਆ ਜਾ ਰਹਾ ਹੈ । ਔਰ ਇਸ ਮੁਕੱਦਮੇ ਕੋ ਖੁਰਦ ਬੁਰਦ, ਮੁਖਿਆ ਮੰਤਰੀ ਕੇ ਇਸ਼ਾਰੇ ਪਰ ਕੀਆ ਜਾ ਰਿਹਾ ਹੈ । ਇਸ ਤਰਹ ਕੀ ਗਲਤ ਕਾਰਵਾਈਆਂ [ਤੁਰੰਤ ਬੰਦ ਕਰਵਾਈਂ ਜਾਇੰ ।..."

ਅੰਤਮ ਪੈਰਾ ਇਸ ਪਰਕਾਰ ਹੈ :

"ਜ਼ਿਲਾ ਸਰਸਾ ਕੀ ਜਨ ਸਾਧਾਰਣ ਵ ਨਾਮਧਾਰੀ ਸੰਗਤ ਕੇਂਦਰ ਸਰਕਾਰ ਸੇ ਗਿਆਪਨ ਪੇਸ਼ ਕਰਕੇ ਪੁਰਜ਼ੋਰ ਅਨੁਰੋਧ ਕਰਤੀ ਹੈ ਕਿ ਬਢਤੀ ਹੂਈ ਅਰਾਜਕਤਾ, ਗ਼ੈਰ ਕਾਨੂੰਨੀ ਕਾਰਵਾਈਓਂ ਜੋ ਹਰਿਆਣਾ ਸਰਕਾਰ ਸੇ ਤੁਰੰਤ ਸਮਾਪਤ ਕਰਵਾਏ ।

"—ਜ਼ਿਲਾ ਨਾਮਧ ਰੀ ਸੰਗਤ ਵ ਜਨ ਸਾਧਾਰਣ ।"

ਇਸ ਮੈਮੋਰੰਡਮ ਦੀਆਂ ਕਾਪੀਆਂ ਰਾਸ਼ਟਰ ਪਤੀ, ਗ੍ਰਿਹ ਮੰਤਰੀ, ਚੌਧਰੀ ਚਰਨ ਸਿੰਘ, ਰੱਕਸ਼ਾ ਮੰਤਰੀ ਸ੍ਰੀ ਜਗਜੀਵਨ ਰਾਮ, ਜਨਤਾ ਪਾਰਟੀ ਪ੍ਰਧਾਨ ਸ੍ਰੀ ਚੰਦਰ ਸ਼ੇਖਰ, ਗਵਰਨਰ ਹਰਿਆਣਾ, ਸ੍ਰ. ਹਰਚਰਨ ਸਿੰਘ ਬਰਾੜ, ਚੌਧਰੀ ਚਾਂਦ ਰਾਮ ਕੇਂਦਰੀ ਪਰਿਵਹਨ ਮੰਤਰੀ ਨਵੀਂ ਦਿੱਲੀ ਨੂੰ ਭੇਜੀਆਂ ਗਈਆਂ ।

**ਨੰਬਰਦਾਰ ਅਮਰ ਸਿੰਘ**

ਜਲਸੇ ਦੌਰਾਨ ਨਾਮਧਾਰੀਆਂ ਬਾਰੇ, ਮੇਰੇ ਕਥਨ ਤੋਂ ਛੁਟ, ਦੋ ਆਦਮੀ ਸਨ ਜਿਨ੍ਹਾਂ ਦਾ ਜ਼ਿਕਰ ਮੈਂ ਏਥੋਂ ਕਰਨਾ ਜ਼ਰੂਰੀ ਸਮਝਦਾ ਹਾਂ, ਇਕ ਹੈ ਸੰਤ ਅਮਰ ਸਿੰਘ ਨੰਬਰਦਾਰ ਜੀਵਨ ਨਗਰ । ਉਸਨੇ ਆਪਣੀ ਤਕਰੀਰ ਵਿਚ ਹੇਠ ਲਿਖੇ ਨੁਕਤਿਆਂ ਤੇ ਰੋਸ਼ਨੀ ਪਾਈ :

(੧) ਓਮ ਪ੍ਰਕਾਸ਼ ਨੂੰ ਕਾਰ-ਭੇਟ ਜਲਸੇ (ਰਾਣੀਆਂ) ਵਿਚ ਜਿਨ੍ਹਾਂ ਨੂੰ ਨਾਮਧਾਰੀ ਗਰੁਪ ਨੰ: ੨ ਕਿਹਾ ਗਿਆ ਹੈ, ਉਹ ਨਾਮਧਾਰੀ ਨਹੀਂ ਹਨ । ਨਾਮਧਾਰੀ ਉਹੋ ਹਨ ਜੁ ਇਸ ਜਲਸੇ ਦੀ ਰੌਣਕ ਹਨ ਤੇ ਸਰਕਾਰੀ ਤੇ ਸਰਕਾਰ ਦੇ ਗੁਮਾਸ਼ਤਿਆਂ ਦੇ ਜ਼ੁਲਮ ਦਾ ਸ਼ਿਕਾਰ ਸਨ । ਕੁਛ ਛੇਕੇ ਹੋਏ ਵਿਅਕਤੀ ਸਰਕਾਰੀ ਜ਼ੋਰ ਨਾਲ ਖ਼ਾਹ ਮਖ਼ਾਹ ਨਾਮਧਾਰੀ ਬਣ ਨਾਮਧਾਰੀਆਂ ਨੂੰ ਬਦਨਾਮ ਕਰਦੇ ਹਨ ।

(੨) ਅਜੇ ਤਕ ਸਾਨੂੰ ਸਪਸ਼ਟ ਨਹੀਂ ਕੀਤਾ ਗਿਆ ਕਿ ਸ੍ਰੀ ਸਤਿਗੁਰੂ ਜੀ, ਮਹਾਰਾਜ ਜੀ ਅਤੇ ਠਾਕੁਰ ਦਲੀਪ ਸਿੰਘ ਜੀ ਦੇ ਚਾਲਾਨ ਚੋਂ ਨਾਮ ਵਾਪਸ ਲਏ ਗਏ ਹਨ ਜਾਂ ਨਹੀਂ । ਖਦਸ਼ਾ ਹੈ ਕੇਸ ਨੂੰ ਲਮਕਾ ਕੇ ਸਾਡੇ ਲਈ ਪੇਚੀਦਗੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ ।

(੩) ਜਦ ਤਕ ਸਾਰੇ ਝੂਠੇ ਕੇਸ ਵਾਪਸ ਨਹੀਂ ਲਏ ਜਾਂਦੇ ਇਹ ਪੁਰ ਅਮਨ ਸੰਘਰਸ਼ ਜਾਰੀ ਰਹੇਗਾ ।

(੪) ਹੁਣ ਨਾਮਧਾਰੀ ਮਹਾਵਿਦਿਆਲਾ ਉਤੇ ਹਾਕਮ ਚੜ੍ਹਕੇ ਆਏ ਹਨ ਅਤੇ ਗ਼ੈਰ ਕਾਨੂੰਨੀ ਤੌਰ ਤੇ ਉਹ ਸਾਡਾ ਸਕੂਲ ਅਤੇ ਇਸ ਦੇ ਪੈਦਾਵਾਰੀ ਵਸੀਲੇ ਆਪਣੇ ਕਾਬੂ ਵਿਚ ਕਰਨਾ ਚਾਹੁੰਦੇ ਹਨ ।

(੫) ਇਲਾਕੇ ਵਿਚ ਕਾਤਲਾਂ ਨੂੰ ਬੁਲਾ ਲਿਆ ਗਿਆ ਹੈ ਅਤੇ ਹਾਕਮ ਪਾਰਟੀ ਦੀ ਚੀਦਾ ਚੀਦਾ ਤੇ ਸਰਕਰਦਾ ਨਾਮਧਾਰੀਆਂ ਨੂੰ ਕਤਲ ਕਰਨ ਦੀ ਵਿਉਂਤ ਹੈ । ਇਸੇ ਦੇ ਇਸ਼ਾਰੇ ਤੇ ਹਾਰਨੀਆਂ ਵਿਚ ਸ੍ਰ. ਸੁਰਜਨ ਸਿੰਘ ਨੂੰ ਕਤਲ ਕਰਵਾਇਆ ਗਿਆ ਹੈ ।



Sri Satguru Jagjit Singh Ji Elibrary NamdhariElibrary@gmail.com

(੬) ਅਸੀਂ ਈਨ ਨਹੀਂ ਮੰਨਾਂਗੇ। ਸਾਡੀ ਜ਼ਮੀਨ ਨੂੰ ਸਰਪਲਸ ਬਣਾ ਕੇ ਸਾਨੂੰ ਉਜਾੜਨ ਦਾ ਪਲੈਨ ਹੈ।

ਦੂਜਾ ਬੁਲਾਰਾ ਹੈ ਹੀਰਾ ਸਿੰਘ ਸਾਬਕਾ ਸਰਪੰਚ ਸੰਤ ਨਗਰ। ਉਸ ਨੇ ਸਪਸ਼ਟ ਸ਼ਬਦਾਂ ਵਿਚ ਆਖਿਆ ਕਿ ਸਮਾਜ ਵਿਰੋਧੀ ਤੱਤਾਂ ਦਾ ਹਰਿਆਣਾ ਦੇ ਮੁਖ ਮੰਤਰੀ ਦੇਵੀ ਲਾਲ ਨਾਲ ਤਾਲ ਮੇਲ ਹੀ ਸਾਡੇ ਲਈ ਸਾਰੇ ਪੁਆੜੇ ਦੀ ਜੜ੍ਹ ਹੈ। ਦੇਵੀ ਲਾਲ ਨੂੰ ਸਾਊ ਸਤਾਣ ਲਈ ਕਾਰਿੰਦੇ ਮਿਲ ਗਏ ਹਨ। ਜੋ ਕੁਝ ਸਾਡੇ ਨਾਲ ਕੀਤਾ ਜਾ ਰਿਹਾ ਹੈ ਇਹਦੇ ਸਿੱਟੇ ਚੰਗੇ ਨਹੀ ਨਿਕਲਣਗੇ।

ਸੰਤ ਅਮਰ ਸਿੰਘ ਨੇ ਗੱਲ ਨੂੰ ਸਾਫ਼ ਕਰਦਿਆਂ ਕਿਹਾ ਸੀ ਕਿ ਚੌਧਰੀ ਦੇਵੀ ਲਾਲ ਦੀ ਤਾਕਤ ਹੀ ਸਾਰੇ ਪੁਆੜੇ ਦੀ ਜੜ੍ਹ ਹੈ।

## ਪ੍ਰੀਤਮ ਸਿੰਘ ਕਵੀ :

ਲੇਖਕ ਨੇ ਵੀ ਚੰਦ ਸ਼ਬਦ ਆਖੇ, ਜਿਸਦਾ ਤੱਤ ਸਾਰ ਇਹ ਹੈ :

(੧) ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦ ਤੋਂ ਜੀਵਨ ਨਗਰ ਇਲਾਕਾ ਖ਼ਰੀਦਿਆ ਤਦ ਤੋਂ ਹੀ ਚੌਧਰੀ ਦੇਵੀ ਲਾਲ ਦੀ ਹਿੱਕ ਤੇ ਸੱਪ ਲੇਟਣ ਲਗਾ। ਉਹ ਸਮਝਦਾ ਹੈ ਕਿ ਉਸਦੀ ਕਾਨਸੀਚਿਊਐਂਸੀ (ਚੋਣ ਹਲਕੇ) ਵਿਚ ਦੁਸ਼ਮਣ ਆ ਵੱਸੇ ਹਨ।

(੨) ਨਾਮਧਾਰੀ ਵਿਰੋਧ ਉਸਦੀ ਇਸ ਤੜ ਤੋਂ ਸਪਸ਼ਟ ਹੈ ਜੋ ਉਸਨੇ ੧੯੪੭ ਵਿਚ ਹੀ ਮਾਰੀ ਸੀ ਕਿ ਉਹ ਸਿਖੜਿਆਂ ਨੂੰ ਜੁੱਤੀਆਂ ਮਾਰ ਕੇ ਏਥੋਂ ਕੱਢ ਦੇਵੇਗਾ।

(੩) ਜਨਤਾ ਸਰਕਾਰ ਪੇਂਡੂ ਉਸਾਰੀ ਦੀ ਗੱਲ ਕਰਦੀ ਹੈ, ਪਰ ਜਿਸ ਸਤਿਗੁਰੂ ਜੀ ਨੇ ਸਰਕਾਰ ਦਾ ਕੰਮ ਆਪ ਅਗੇ ਹੋ ਕੇ, ਉਸਾਰੀ ਦੇ ਸੰਬੰਧ ਵਿਚ ਕੀਤਾ-ਕਰਵਾਇਆ ਹੈ, ਉਨ੍ਹਾਂ ਨੂੰ ਹੀ ਝੂਠੇ ਮੁਕਦਮੇ ਘੜ ਕੇ ਲਪੇਟ ਵਿਚ ਲੈਂਦੀ ਹੈ। ਸਤਿਗੁਰਾਂ ਨੇ ਹੀ ਇਲਾਕੇ ਦੀਆਂ ੨੦ ਮੀਲ ਸੜਕਾਂ ਉਸਰਵਾਈਆਂ ਹਨ।

(੪) ਜਨਤਾ ਪਾਰਟੀ ਪਿੰਡਾਂ ਵਿਚ ਛੋਟੀ ਇੰਡਸਟਰੀ ਲੈ ਜਾਣ ਲਈ ਆਖਦੀ ਹੈ ਪਰ ਜੇ ਸਤਿਗੁਰੂ ਜੀ ਨੇ ਨਾਮ-ਧਾਰੀ ਸੇਠਾਂ ਨੂੰ ਆਗ੍ਰਹਿ ਕਰਕੇ ਜੀਵਨ ਨਗਰ ਇਲਾਕੇ ਵਿਚ ਜਿਨਿੰਗ ਮਿਲ ਤੇ ਸ਼ੈਲਰ ਸਥਾਪਤ ਕੀਤੇ ਹਨ ਤਾਂ ਚੌਧਰੀ ਦੇਵੀ ਲਾਲ ਕਾਰਖਾਨੇਦਾਰਾਂ ਨੂੰ ਤੰਗ ਕਰ ਰਿਹਾ ਹੈ।

(੫) ਵਕਤਾ ਨੇ ਇਸ ਇਲਾਕੇ ਵਿਚ ਆ ਕੇ ਸੁਣਿਆ ਹੈ ਕਿ ਇਲਾਕੇ ਦੇ ਸਰਗਰਮ ਨਾਮਧਾਰੀ ਵਰਕਰਾਂ ਤੇ ਮੁਖੀਆਂ ਨੂੰ ਕਤਲ ਕਰਨ ਦੀ ਵਿਉਂਤ ਦੇਵੀ ਲਾਲ ਤੇ ਓਮ ਪ੍ਰਕਾਸ਼ ਵਲੋਂ ਅਮਲ ਵਿਚ ਆਉਣੀ ਸ਼ੁਰੂ ਹੋ ਗਈ ਹੈ। ਹਾਰਨੀਆਂ ਵਿਚਲਾ ਕਤਲ ਉਸਦੀ ਸ਼ੁਰੂਆਤ ਹੈ।

(੬) ਇਸ ਵੇਲੇ ਨਾਮਧਾਰੀਆਂ ਦੀ ਏਕਤਾ ਅਤੇ ਚੌਕਸੀ ਦੀ ਜਿੰਨੀ ਲੋੜ ਹੈ ਓਨੀ ਸੁਤੰਤਰ ਭਾਰਤ ਵਿਚ ਪਹਿਲਾਂ ਕਦੇ ਨਹੀਂ ਪਈ। ਪਿੰਡ ਪਿੰਡ ਜਥੇਬੰਦੀਆਂ ਉਸਾਰੀਆਂ ਜਾਣ ਤੇ ਨਿਕੇ ਮੋਟੇ ਵਖੇਵੇਂ ਤਿਆਗੇ ਜਾਣ।

(੭) ਸਤਿਗੁਰੂ ਜੀ ਕਿਉਂਕਿ ਨਾਮਧਾਰੀਆਂ ਦਾ ਕੇਂਦਰ ਹਨ ਇਸ ਲਈ ਉਨ੍ਹਾਂ ਤੇ ਝੂਠੇ ਮੁਕੱਦਮੇ, ਗਲਤ ਪ੍ਰਾਪੇਗੰਡਾ ਤੇ ਗੁਮਰਾਹਕੁਨ ਹਾਲਾਤ ਪੈਦਾ ਕਰਕੇ ਉਨ੍ਹਾਂ ਤੇ ਹਮਲਾ ਕੀਤਾ ਜਾ ਰਿਹਾ ਹੈ। ਇਸ ਤੋਂ ਨਾਮਧਾਰੀਆਂ ਦੀ ਏਕਤਾ ਹੀ ਰਖਿਆ ਕਰ ਸਕਦੀ ਹੈ।

(੮) ਦੁਸ਼ਮਨ ਅਜਿਹੀਆਂ ਉਕਸਾਵੇ ਭਰੀਆਂ ਗੱਲਾਂ ਕਰੇਗਾ ਕਿ ਤੰਗ ਆਕੇ ਨਾਮਧਾਰੀ ਉਨ੍ਹਾਂ ਦੇ ਗੱਲ ਪੈਣ ਤੇ ਉਹ ਇਕ ਪਾਸੜ ਕਾਰਵਾਈ ਕਰਵਾਕੇ ਉਨ੍ਹਾਂ ਨੂੰ ਅੰਦਰ ਕਰੇ ਜਾਂ ਉਹਨਾਂ ਦੀਆਂ ਜ਼ਮਾਨਤਾਂ ਕਰਵਾਏ। ਅਸਾਂ ਦੁਸ਼ਮਣ ਦੀ ਚਾਲ ਆਪਣੀ ਏਕਤਾ, ਚੌਕਸੀ ਤੇ ਤਦੱਬਰ ਨਾਲ ਸਫਲ ਨਹੀਂ ਹੋਣ ਦੇਣੀ।

## ਪ੍ਰਤੀਕਰਮ : ਸਰਸਾ ਸ਼ੰਦੇਸ

ਨਾਮਧਾਰੀਆਂ ਅਤੇ ਸ੍ਰੀ ਸਤਿਗੁਰੂ ਜੀ ਉਤੇ ਝੂਠੇ ਮੁੱਕ-ਦਮਿਆਂ ਬਾਰੇ, ਜਨਤਾ ਪਾਰਟੀ ਦੇ ਇਕ ਵਿਧਾਇਕ ਕਾਮਰੇਡ ਸ਼ੰਕਰ ਲਾਲ ਸਰਸਾ ਨੇ "ਸਰਸਾ ਸੰਦੇਸ਼" ਵਿਚ ਛਾਪੇ ਇਕ ਇਕ ਬਿਆਨ ਵਿਚ ਆਖਿਆ ਹੈ :

੨੫ ਜਨਵਰੀ ਨੂੰ ਰਾਣੀਆਂ ਵਿਚ ਇਕ ਸਾਧਾਰਣ ਜਲਸੇ ਵਿਚ (ਗਿਣਤੀ ਇਕ ਕਾਮਰੇਡ ਦੇ ਦੇਖਣ ਤੇ ਕਹਿਣ ਮੁਤਾਬਕ ੭੦੦) ਹਰਿਆਣੇ ਦੇ ਮੁਖ ਮੰਤਰੀ ਦੇ ਸਪੁਤਰ ਸ੍ਰੀ ਓਮ ਪਰਕਾਸ਼ ਨੂੰ ਕਾਰ ਭੇਟ ਕਰਨ ਨੂੰ (ਭ੍ਰਿਸ਼ਟ ਤਰੀਕੇ ਅਪਣਾਣ ਦਾ) ਇਕ ਨਿਕ੍ਰਿਸ਼ਟ ਉਦਾਹਰਣ ਬਤਾਇਆ ਹੈ। ਇਸ ਲਈ ਜੋ ਪੈਸਾ ਇਕਠਾ ਕੀਤਾ ਗਿਆ ਇਸ ਹਲਕੇ ਦੇ ਨਾਮਧਾਰੀ ਵਿਰੋਧੀ ਗੁਰਪ ਤਥਾ ਦੂਜੇ ਲੋਕਾ ਤੋਂ ਇਕੱਠਾ ਕੀਤਾ ਗਿਆ ਤਾਕਿ ਉਨ੍ਹਾਂ ਨੂੰ ਸੰਰਖਿਅਣ ਦਿਤਾ ਜਾ ਸਕੇ ਤਥਾਂ ਉਨ੍ਹਾਂ ਦੇ ਵਿਰੁਧ ਚਲ ਰਹੇ ਕੇਸਾਂ ਵਿਚ ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕੇ ਤਥਾ ਇਨ੍ਹਾਂ ਲੋਕਾਂ ਵਿਚ ਪਿੰਡ ਹਾਰਨੀਆਂ ਦੇ ਸਰਪੰਚ ਸ੍ਰੀ ਸੁਰਜਨ ਸਿੰਘ (ਨਾਮਧਾਰੀ) ਦਾ ਜੋ ਕਤਲ ਹੋਇਆ ਸੀ, ਜਿਨ੍ਹਾਂ ਦੇ ਖਿਲਾਫ਼ ਮੁਕਦਮਾ ਚਲ ਰਿਹਾ ਹੈ, ਉਨ੍ਹਾਂ ਲੋਕਾਂ ਵੀ ਪੈਸਾ ਇਕੱਠਾ ਕਰਕੇ ਦਿੱਤਾ। ਇਹ ਸ੍ਰੀ ਓਮ ਪਰਕਾਸ਼ ਨੂੰ ਰਿਸ਼ਵਤ ਦਿੱਤੀ ਗਈ ਹੈ ਤਾਕਿ ਸ਼ੱਕੀ ਵਿਅਕਤੀਆਂ ਨੂੰ ਸੰਰਖਿਅਣ ਦਿੱਤਾ ਜਾ ਸਕੇ।



Sri Satguru Jagjit Singh Ji Elibrary NamdhariElibrary@gmail.com

## ਕੌਮੀ ਏਕਤਾ

ਏਸੇ ਤਰ੍ਹਾਂ ਦਿੱਲੀ ਦੇ "ਕੌਮੀ ਏਕਤਾ" ਫਰਵਰੀ ੭੮ ਦੇ ਪਰਚੇ ਵਿਚ ਸ੍ਰ. ਰਜਿੰਦਰ ਸਿੰਘ ਭਾਟੀਆ ਦੇ ਇਕ ਐਡੀਟੋਰੀਅਲ ਦਾ ਸਿਰਲੇਖ "ਨਾਮਧਾਰੀਆਂ ਅਤੇ ਨਿਹੰਗਾ ਨਾਲ ਇਹ ਧੱਕਾ ਕਿਉਂ" ਦਿੰਦਿਆਂ ਹੇਠ ਲਿਖੇ ਸ਼ਬਦ ਪਰਕਾਸ਼ਤ ਕੀਤੇ :

"ਏਸੇ ਪਰਕਾਰ ਕੁਝ ਦਿਨ ਹੋਏ ਸਰਸੇ ਵਿਖੇ ਹਜ਼ਾਰਾਂ ਨਾਮਧਾਰੀਆਂ ਨੇ ਇਕ ਜਲੂਸ ਕਢਕੇ ਆਪਣੇ ਉਤੇ ਹੋ ਰਹੇ ਅਤਿਆਚਾਰਾਂ ਬਾਰੇ ਪ੍ਰੋਟੈਸਟ ਕੀਤਾ। ਨਾਮਧਾਰੀਆਂ ਦਾ ਕਥਨ ਸੀ ਕਿ ਉਹਨਾਂ ਦੇ "ਗੁਰੂ" ਮਹਾਰਾਜ ਜਗਜੀਤ ਸਿੰਘ ਤਥਾ ਪਰਵਾਰ ਉਤੇ ਡਾਕੇ ਦੇ ਕੇਸ ਰਜਿਸਟਰ ਕੀਤੇ ਹਨ। ਹੁਣ ਅਨੁਮਾਨ ਲਾਓ ! ਕਿ ਕਿਸੇ ਇਕੇ ਦੁਕੇ ਨਾਮਧਾਰੀ ਉਤੇ ਕੋਈ ਜ਼ਾਤੀ ਦੂਸ਼ਣ ਲਗੇ ਤਾਂ ਬੇਸ਼ਕ ਲਗੇ ਪਰ ਨਾਮਧਾਰੀ ਆਗੂ ਬਾਬਾ ਜਗਜੀਤ ਸਿੰਘ ਨੂੰ ਡਾਕੇ ਮਾਰਦਾ ਦਸਕੇ ਕੇਸ ਰਜਿਸਟਰ ਹੋਣ ਤਾਂ ਨਾ ਸਿਰਫ਼ ਨਾਮਧਾਰੀ, ਬਲਕਿ ਦੂਜੇ ਸਿਖ ਵੀ ਪ੍ਰੋਟੈਸਟ ਕਿਉਂ ਨ ਕਰਨ ? ਹੋਰ ਅਫਸੋਸ ਦਾ ਅਸਥਾਨ ਹੈ ਕਿ ਇਹ ਧੱਕਾ ਓਦੋਂ ਹੋ ਰਿਹਾ ਹੈ ਜਦੋਂ ਪੰਜਾਬ ਵਿਚ ਜਨਤਾ-ਅਕਾਲੀ ਸਰਕਾਰ ਕਾਇਮ ਹੈ ਅਤੇ ਹਰਿਆਣੇ ਵਿਚ ਜਨਤਾ ਸਰਕਾਰ ਸਿੱਖਾਂ ਨਾਲ ਇਉਂ ਵਿਤਕਰਾ ਕਰ ਰਹੀ ਹੈ। ਸਿਰਫ਼ ਨਿਹੰਗਾਂ ਜਾਂ ਨਾਮਧਾਰੀਆਂ ਨਾਲ ਵਧੀਕੀ ਦਾ ਸਵਾਲ ਹੀ ਨਹੀਂ, ਇਹਨਾਂ ਨਾਲ ਧੱਕਾ ਤਾਂ ਉਭਰ ਕੇ ਸਾਹਮਣੇ ਆ ਗਿਆ ਹੈ। ਹਰਿਆਣੇ ਦੇ ਸਾਰੇ ਸਿੱਖ ਆਪਣੇ ਆਪ ਨੂੰ ਹੀਣਾ ਤੇ ਲਾਵਾਰਸ ਸਮਝ ਰਹੇ ਹਨ।......"

### ੫ ਫਰਵਰੀ ੧੯੭੮ ਐਤਵਾਰ
### ਨਵੀਂ ਦਿੱਲੀ

## ਸਤਿਗੁਰੂ ਆਗਮਨ

ਸਵੇਰ ਤੋਂ ਹੀ ਦਿੱਲੀ ਵਾਲੇ ਨਾਮਧਾਰੀਆਂ ਨੂੰ ਸਤਿ-ਗੁਰੂ ਜੀ ਦੀ ਇੰਤਜ਼ਾਰ ਸੀ। ਮੈਂ ੧੨-੧ ਵਜੇ ਦੇ ਕਰੀਬ ੧੧/੧੦ ਪੂਸਾ ਰੋਡ ਪੁਜਾ। ਸੇਠ ਤ੍ਰਿਲੋਕ ਸਿੰਘ ਤੇ ਸੰਤ ਬਲਕਾਰ ਸਿੰਘ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਸ਼ਾਮੀ ੬.੨੦ ਵਜੇ ਹਵਾਈ ਜਹਾਜ਼ ਦੁਆਰਾ ਦਿੱਲੀ ਦਰਸ਼ਨ ਦੇਣਗੇ।

ਅਤੇ ਜਦੋਂ ਮੈਂ ਸ. ਹਰਵਿੰਦਰ ਸਿੰਘ ਹੰਸਪਾਲ ਨਾਲ ਹਵਾਈ ਅੱਡੇ ਤੇ ਪਹੁੰਚਿਆ ਸਤਿਗੁਰੂ ਜੀ ਬਾਹਰ ਲਾਂਜ ਵਿਚ ਗੱਡੀ ਤੇ ਚੜਣ ਨੂੰ ਆਏ ਹੋਏ ਸਨ। ਆਪ ਜੀ ਦੇ ਪਿਛੇ ਹੋਰ ਵੀ ੨੫-੩੦ ਨਾਮਧਾਰੀ ਸਿੰਘ ਸੁਆਗਤ ਕਰਕੇ ਖਲੋਤੇ ਹੋਏ ਸਨ। ਇਹਨਾਂ ਚੋਂ ਇਹਨਾਂ ਦੇ ਨਾਮ ਮੈਨੂੰ ਯਾਦ ਹਨ : ਸੇਠ ਤ੍ਰਿਲੋਕ ਸਿੰਘ, ਸ੍ਰ: ਸੁਲੱਖਣ ਸਿੰਘ, ਸੰਤ ਬਲਕਾਰ ਸਿੰਘ, ਗੁਰਦੇਵ ਸਿੰਘ—ਹਰਭਜਨ ਸਿੰਘ, ਸੰਤ ਗੁਰਦੀਪ ਸਿੰਘ ਰਮੇਸ਼ ਨਗਰ, ਨੰਬਰਦਾਰ ਅਮਰ ਸਿੰਘ ਜੀਵਨ ਨਗਰ, ਸੰਤ ਟਹਿਲ ਸਿੰਘ ਨਕੋੜਾ, ਸ੍ਰ. ਗੁਰਬਚਨ ਸਿੰਘ ਠੇਕੇਦਾਰ, ਸੰਤ ਤ੍ਰਿਲੋਕ ਸਿੰਘ ਆਰੇਵਾਲੇ, ਸ. ਹੰਸਪਾਲ, ਸੰਤ ਭਗਵਾਨ ਸਿੰਘ ਆਦਿ।

ਸੇਠ ਸਪੁਤਰ ਧਰਮ ਸਿੰਘ ਦੀ ਡਰਾਈਵ ਕੀਤੀ ਕਾਰ ਵਿਚ ਸ੍ਰੀ ਸਤਿਗੁਰੂ ਜੀ, ਸੇਠ ਜੀ, ਹੰਸਪਾਲ ਤੇ ਪੂਰਵਾ ਮਹਿੰਦਰ ਸਿੰਘ ਕੋਠੀ ਆਏ।

ਬੀਬੀ ਇੰਦਰਾ ਸਾਬਕਾ ਪ੍ਰਧਾਨ ਮੰਤਰੀ ਵੀ ਬਨਾਰਸ ਤੋਂ ਸ੍ਰੀ ਸਤਿਗੁਰੂ ਜੀ ਵਾਲੇ ਹੀ ਜਹਾਜ਼ ਵਿਚ ਸਵਾਰ ਹੋ ਕੇ ਆਏ। ਕਿਸੇ ਸੱਜਣ ਨੇ ਦੱਸਿਆ ਕਿ ਸਤਿਗੁਰੂ ਜੀ ਦੇ ਸੁਆਗਤ ਵਿਚ ਜੁੜੇ ਨਾਮਧਾਰੀਆਂ ਨੂੰ ਤਕ ਕੇ ਬੀਬੀ ਨੇ ਸਭ ਨੂੰ ਮੁਸਕਰਾਂਦਿਆਂ ਹੱਥ ਜੋੜ ਨਮਸਕਾਰ ਕੀਤੀ।

## ਕਿਰਪਾਲ ਆਸ਼ਰਮ ਵਿਚ

ਵਿਜੇ ਨਗਰ, ਕਿਰਪਾਲ ਆਸ਼ਰਮ ਵਿਚ ਸ੍ਰੀ ਸਤਿਗੁਰੂ ਜੀ ਆਪਣੀ ਸੰਗਤ ਨਾਲ ੭-੧੦ ਤੇ ਸ਼ਾਮੀਂ ਪਧਾਰੇ। ਸਜੇ ਹੋਏ ਪਿੰਡਾਲ ਅੰਦਰ ਬੱਤੀਆਂ ਦੀ ਭਾਂਤ ਭਾਂਤ ਦੀ ਜਗਮਗਾਹਟ ਵਿਚ ਬੈਠੇ ਬਹੁਤ ਸਾਰੇ ਇਸਤਰੀਆਂ ਪੁਰਸ਼ ਕਿਸੇ ਪ੍ਰਬੁਧ ਵਕਤਾ ਨੂੰ ਸੁਣ ਰਹੇ ਸਨ। ਸਫੇਦ ਚੱਦਰਾਂ ਨਾਲ ਢਕੇ ਤੇ ਸਫੇਦ ਮਸਨਦਾਂ ਉਤੇ ਢੋਹ ਲਾਈ, ਉੱਚੇ ਵਿਸ਼ਾਲ ਮੰਚ ਤੇ ਅਧਿਆਤਮਕ ਉੱਚਤਾ ਵਾਲੇ ਲੋਕ ਵਿਰਾਜਮਾਨ ਸਨ। ਮੰਚ ਸ਼ਾਮਿਆਨੇ ਨਾਲ ਲਟਕਦੇ ਝਾੜ ਫਾਨੂਸ ਰੋਸ਼ਨੀਆਂ ਸੁਟਦੇ ਭਲੇ ਭਲੇ ਲਗਦੇ ਸਨ।

ਸਤਿਗੁਰੂ ਜੀ ਦੇ ਮੰਚ ਤੇ ਜਾਣ ਤੋਂ ਪਹਿਲੋਂ ਰਾਧਾ ਸਵਾਮੀ ਮਹਾਰਾਜ ਜੀ ਦਾ ਇਕ ਵਰਿਸ਼ਟ ਵਿਅਕਤੀ ਅਗਵਾਨੀ ਲਈ ਆਇਆ। ਸਤਿਗੁਰੂ ਜੀ, ਸ੍ਰੀ ਪੂਰਵਾ ਦੁਆਰਾ ਵਿਛਾਏ ਸੁੱਚੇ ਵਸਤਰ ਤੇ ਬੈਠ ਗਏ। ਪਿਛੇ ਸਫੇਦ ਮਸਨਦ ਸੀ। ਆਪ ਜੀ ਦੇ ਪਿਛੇ ਸੇਠ ਤ੍ਰਿਲੋਕ ਸਿੰਘ ਤੇ ਸ੍ਰ. ਹੰਸਪਾਲ ਸਜ ਗਏ। ਜ਼ਰਾ ਪਸਿੱਤੇ ਸੰਤ ਮਹਿੰਦਰ ਸਿੰਘ ਪੂਰਵਾ, ਸੰਤ ਤ੍ਰਿਲੋਕ ਸਿੰਘ ਆਰੇਵਾਲਾ, ਸ੍ਰ. ਸੁਲੱਖਣ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਤ ਅਮਰ ਸਿੰਘ ਨੰਬਰਦਾਰ ਜੀਵਨ ਨਗਰ, ਸੰਤ ਗਿਆਨ ਸਿੰਘ ਗਣੇਸ਼ ਨਗਰ ਬੈਠ ਗਏ।

ਸਟੇਜ ਸਕੱਤਰ ਨੇ ਸਤਿਗੁਰੂ ਜੀ ਦੇ ਆਗਮਨ ਦੀ ਸੂਚਨਾ ਦਿੰਦਿਆਂ ਬਹੁਤ ਹੀ ਸਨਮਾਨ ਸਹਿਤ ਸੰਬੋਧਨ ਕੀਤਾ


Sri Satguru Jagjit Singh Ji Elibrary NamdhariElibrary@gmail.com

ਅਤੇ ਦੱਸਿਆ ਕਿ ਅੱਜ ਸਾਡੇ ਸਭ ਦੇ ਹੀ ਧਨ ਭਾਗ ਹਨ।

੭.੨੦ ਹੋਏ ਤਾਂ ਸ੍ਰੀ ਮਹਾਰਾਜ ਦਰਸ਼ਨ ਸਿੰਘ ਜੀ ਜੋ ਇਸ ਸਭਾ ਦੇ ਕਰਣਧਾਰ ਸਨ, ਮੰਚ ਤੇ ਆਏ। ਇਹ ਉਹਨਾਂ ਦਾ ਵੱਡਪਣ ਸੀ ਕਿ ਉਨ੍ਹਾਂ ਸ੍ਰੀ ਸਤਿਗੁਰੂ ਜੀ ਨੂੰ ਗੋਡੇ ਟੇਕ ਕੇ ਆਦਰ ਯੁਕਤ ਨਮਸਕਾਰ ਕੀਤੀ। ਸ਼ਰੋਤਿਆਂ ਦੇ ਬਹੁਰੰਗੀ ਲਿਬਾਸਾਂ ਵਿਚ ਨਾਮਧਾਰੀ ਸਿੰਘ ਵੀ ਸਫੇਦ ਪੁਸ਼ਾਕਾਂ ਵਿਚ ਸੁੰਹਦੇ ਸਨ।

## ਸੁਆਗਤ

ਸਤਿਗੁਰੂ ਜੀ ਦੇ ਮੰਚ ਤੇ ਸੁਸ਼ੋਭਤ ਹੋਇਆਂ ਦੋ ਕਵੀਆਂ ਨੇ ਆਪਣੇ ਆਦਰਸ਼ ਪੁਰਸ਼ ਮਹਾਰਾਜ ਜੀ ਦੀ ਸ਼ੋਭਾ ਵਿਚ ਕਵਿਤਾਵਾਂ ਪੜ੍ਹੀਆਂ। ਅੰਤਮ ਕਵੀ ਨੂੰ ਵਿਚਾਲਿਉਂ ਹੀ ਰੋਕ ਕੇ ਸ੍ਰੀ ਮਹਾਰਾਜ ਦਰਸ਼ਨ ਸਿੰਘ ਜੀ ਨੇ ਸਭ ਸੰਗੀਆਂ ਨੂੰ ਸੰਬੋਧਨ ਕੀਤਾ :

"ਹਮਾਰੀ ਬੜੀ ਖੁਸ਼ ਨਸੀਬੀ ਹੈ ਕਿ ਹਮਾਰੇ ਦਰਮਿਆਨ ਇਸ ਵਕਤ ਵਾਲੀਏ ਦੋ ਜਹਾਨ ਸੰਤ ਕਿਰਪਾਲ ਸਿੰਘ ਜੀ ਕੇ ਸਹਿਯੋਗੀ ਵ ਸਾਥੀ, ਸਾਰੀ ਦੁਨੀਆਂ ਮੇਂ ਰੂਹਾਨੀਅਤ ਕਾ ਔਰ ਗੁਰਬਾਣੀ ਕਾ ਪਰਚਾਰ ਕਰਨੇ ਵਾਲੇ ਜਿੰਦਾ ਸ਼ਹਿਨਸ਼ਾਹ, ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਪਧਾਰੇ ਹੈਂ। ਇਹ ਇਨ ਕੀ ਕ੍ਰਿਪਾ ਹੈ ਕਿ ਮੈਂ ਜਬ ਭੀ ਕਭੀ ਦਸਤ ਬਸਤਾ ਅਰਜ਼ ਕਰਤਾ ਹੂੰ ਤਬ ਯੇਹ ਪਰਵਾਨ ਕਰਤੇ ਹੈ। ਕਿਉਂ ਕਿ ਯਹ ਹਮਾਰੇ ਮਹਾਰਾਜ ਜੀ ਕੇ ਸਾਥੀ ਹੈਂ ਔਰ ਉਸੀ ਬਾਣੀ ਕਾ ਔਰ ਰੱਬੀ ਨੂਰ ਕਾ ਪਰਚਾਰ ਕਰਤੇ ਹੈਂ। ਮੈਂ ਇਨ ਕੋ ਪਿਤਾ ਸਮਾਨ ਮਾਨਤਾ ਹੂੰ। (ਅਤੇ ਨਾਲ ਹੀ ਨਮਸਕਾਰ ਕੀਤੀ) ਔਰ ਆਪ ਭੀ ਮੁਝੇ ਪਿਤਾ ਕੇ ਮਾਨਿੰਦ ਹੀ ਪਿਆਰ ਦੇਤੇ ਹੈਂ। ਅਬ ਆਪ ਆਪਣਾ ਪ੍ਰੋਗਰਾਮ ਛੋੜ ਕਰ ਹਮੇਂ ਦਰਸ਼ਨ ਦੇਨੇ ਪਧਾਰੇ ਹੈ। ਆਪ ਔਰ ਹਮ ਸਭ ਇਨ ਸੇ ਲਾਭ ਉਠਾਏਂ।"

ਕਵਿਤਾ ਦਾ ਬਕਾਇਆ ਪਾਠ ਹੋ ਚੁਕਣ ਪਿਛੋਂ ਮੰਚ -ਪ੍ਰਬੰਧਕ ਨੇ ਆਖਿਆ : ਜਿਵੇਂ ਸਤਿਗੁਰੂ ਜੀ ਮਹਾਰਾਜ ਦਾ ਸਨਮਾਨ ਮਹਾਰਾਜ ਸੰਤ ਦਰਸ਼ਨ ਸਿੰਘ ਜੀ ਨੇ ਬੇਨਤੀ ਕੀਤੀ ਹੈ ਮੈਂ ਵੀ ਓਨੇ ਸਤਿਕਾਰ ਨਾਲ ਸਮੁਚੀ ਸੰਗਤ ਵਲੋਂ ਆਪ ਜੀ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਆਪ ਦਿਵ ਬਾਣੀ ਦੁਆਰਾ ਸਾਨੂੰ ਸੰਬੋਧਨ ਕਰਨ।

## ਪਰਮ ਕਿਰਪਾ

ਸ੍ਰੀ ਸਤਿਗੁਰੂ ਜੀ ਦੇ ਸਿੰਘਾਸਣ ਪਾਸ ਹੀ ਮਾਇਕ ਕਰ ਦਿਤੇ ਗਏ। ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਦਰਸ਼ਨ

ਵਰਿਆਮ

ਸਿੰਘ ਜੀ ਦੇ ਸੰਬੋਧਕ ਸ਼ਬਦਾਂ ਦੀ ਹੋਰ ਵੀ ਨਿਰਮਾਣ ਹੋ ਕੇ ਉਨ੍ਹਾਂ ਦੀ ਉਦਾਰਤਾ ਦਾ ਧਨਵਾਦ ਕੀਤਾ ਅਤੇ ਥੋੜੇ ਜਿਹੇ ਫਿਕਰਿਆਂ ਨਾਲ ਮਹਾਰਾਜ ਜੀ ਦੀ ਨਮਰਤਾ ਨੂੰ ਗੁਰਬਾਣੀ ਦੀਆਂ ਉਨ੍ਹਾਂ ਤੁਕਾਂ ਨਾਲ ਘਟਾਇਆ ਜਿਹੜੀਆਂ ਇਸ ਪਰਕਾਰ ਹਨ :

ਪਵਹੁ ਚਰਣ ਤਲਿ ਊਪਰਿ ਆਵਹੁ,<br>ਐਸੀ ਸੇਵ ਕਮਾਵਹੁ,

ਸਤਿਗੁਰੂ ਜੀ ਨੇ ਗੁਰਬਾਣੀ ਅਨੁਸਾਰ ਗੁਰੂ ਦੀ ਲੋੜ, ਉਹਦਾ ਵਿਅਕਤਿੱਤਵ, ਉਹਦੀ ਕਰਨੀ ਤੇ ਕ੍ਰਿਪਾ ਦਾ ਪ੍ਰਮਾਣ ਤੇ ਲੌਕਿਕ ਉਦਾਹਰਣਾ ਦੇਕੇ ਸਾਰੇ ਸਤਿਸੰਗੀਆਂ ਨੂੰ ਚਮਤਕ੍ਰਿਤ ਕਰ ਦਿੱਤਾ। ਸਤਿਗੁਰੂ ਦੇ ਹੱਟ ਵਿਚ ਸਾਰਿਆਂ ਦੀ ਸ਼ਮੂਲੀਅਤ ਦੀ ਚਰਚਾ ਕੀਤੀ।

ਸਤਿਗੁਰੂ ਪਾਸੋਂ ਮਨ-ਸੁਧੀ ਦੀ ਕਲਾ ਸਿਖਣ ਤੇ ਉਸ ਦੁਆਰਾ ਪ੍ਰਾਪਤ ਨਾਮ ਨੂੰ ਦਿਨ ਰਾਤ ਸਿਮਰਨ ਦਾ ਜ਼ਿਕਰ ਕਰਦਿਆਂ ਨਾਮ ਨੂੰ ਮਾਨਸਿਕ ਮੈਲ ਨੂੰ ਉਤਾਰਣ ਵਾਲਾ ਮਹਾ ਸਬੂਣ ਦਸਿਆ।

ਭਰੀਐ ਮਤਿ ਪਾਪਾ ਕੈ ਸੰਗਿ।<br>ਓਹੁ ਧੋਪੈ ਨਾਵੈ ਕੈ ਰੰਗਿ।

ਸਤਿਗੁਰਾਂ ਸਪਸ਼ਟ ਕੀਤਾ ਕਿ ਜੇ ਨਾਮ ਹਿਰਦੇ ਵਿਚ ਵੱਸ ਜਾਵੇ ਤਾਂ ਸਭ ਪਰਕਾਰ ਦੇ ਡਰ ਤੇ ਦੁਖਾਂ ਦਾ ਨਾਸ ਹੋ ਜਾਂਦਾ ਹੈ :

ਉਦਮ ਕਰਹੁ ਵਡਭਾਗੀਹੋ—<br>ਸਿਮਰਹੁ ਹਰਿ ਹਰਿ ਰਾਇ।<br>ਏਕੁ ਅਖਰ ਜਿਹ ਮਨ ਬਸਤ<br>ਨਾਨਕ ਦੂਖ ਭਰਮ ਭਉ ਜਾਇ"

ਅਤੇ ਨਾਲ ਹੀ ਦਸਿਆ ਕਿ ਗੁਰੂ ਦੀ ਸਰਨ ਜਾਣੋਂ ਤੇ ਗਿਆਂ ਹੋਇਆਂ ਨੂੰ ਭਟਕਾਣ ਹਿਤ ਵੀ ਕਈ ਤਾਕਤਾਂ ਕੰਮ ਕਰਦੀਆਂ ਹਨ। ਪਰ ਅਸਾਂ ਗਲਤ ਰਸਤੇ ਨੂੰ ਸਵੀਕਾਰਨਾ ਨਹੀਂ।

ਨਕਲੀ ਰੰਗਾਂ, ਲਿਪਸਟਿਕਾਂ ਤੇ ਕਰੂਰਤਾ ਨਾਲ ਪੈਦਾ ਕੀਤੇ ਗਏ ਹੋਰ ਪਰਸਾਧਨਾਂ ਵੱਲ ਨਾਪਸੰਦਗੀ ਪਰਗਟ ਕਰਦਿਆਂ ਸਤਿਗੁਰੂ ਜੀ ਨੇ ਨਾਮ ਰੰਗ ਸਤਿਗੁਰੂ ਦੇ ਪ੍ਰੇਮ ਰੰਗ ਵਿਚ ਰੰਗੀਜਣ ਲਈ ਸ਼ਰੋਤਿਆਂ ਨੂੰ ਪ੍ਰੇਰਨਾ ਦਿਤੀ ਅਤੇ ਜੀਵਨ ਵਿਚ ਐਸੇ ਕਰਮ ਕਰ ਜਾਣ ਲਈ ਕਿਹਾ ਜਿਨ੍ਹਾਂ ਦੇ ਕਰਮ ਨਾਲ :

ਰੇ ਰੇ ਦਰਗਹ ਕਹੈ ਨ ਕੋਊ<br>ਆਉ, ਬੈਠ, ਆਦਰ ਸੁਭ ਦੇਊ।



Sri Satguru Jagjit Singh Ji Elibrary NamdhariElibrary@gmail.com

ਵਾਲੀ ਗੱਲ ਬਣ ਜਾਵੇ।

ਅਤੇ ਸਤਿਗੁਰੂ ਜੀ ਨੇ ਆਪਣੇ ਕਥਨ ਦੀ ਸਮਾਪਤੀ ਕਰ ਦਿੱਤੀ

### ਭਾਵਾਨੁਵਾਦ

ਮੰਚ ਸਕੱਤਰ ਵਲੋਂ ਸਤਿਗੁਰੂ ਜੀ ਪ੍ਰਤੀ ਕ੍ਰਿਤਗਤਾ ਪ੍ਰਗਟ ਕਰਨ ਉਪਰੰਤ ਸ਼੍ਰੀ ਮਹਾਰਾਜ ਦਰਸ਼ਨ ਸਿੰਘ ਜੀ ਨੇ, ਵਿਦੇਸ਼ੀ ਸ਼ਰੋਤਿਆਂ ਹਿਤ ਸਤਿਗੁਰੂ ਜੀ ਦੇ ਕਥਨ ਦਾ ਭਾਵਾਨੁਵਾਦ ਕਰਕੇ ਆਪ ਦੱਸਿਆ ਅਤੇ ਸਤਿਗੁਰੂ ਜੀ ਦੇ ਆਗਮਨ ਤੇ ਕਥਨ ਦਾ ਹਾਦਿਕ ਧੰਨਵਾਦ ਕੀਤਾ। ਸੰਤ ਮਹਾਰਾਜ ਜੀ ਨੇ ਨਾਮਧਾਰੀਆਂ ਦੀ ਪ੍ਰਸੰਸਾ ਵਿਚ ਵੀ ਚੰਦ ਸ਼ਬਦ ਕਹੇ। ਆਪ ਦਾ ਕਹਿਣ ਸੀ ਕਿ ਨਾਮਧਾਰੀ ਉਚੇ ਚਰਿੱਤਰ ਦੇ ਮਾਲਿਕ ਹਨ। ਵਧੀਆ ਇਨਸਾਨ ਹਨ। ਨਾਮ ਸਿਮਰਮ ਤੇ ਗੁਰਬਾਣੀ ਉਤੇ ਟੇਕ ਰਖਕੇ ਹਨ। ਸਵੇਰੇ ਅਮ੍ਰਿਤ ਵੇਲੇ ਉਠਦੇ ਤੇ ੩-੪ ਘੰਟੇ ਭਜਨ ਕੀਰਤਨ ਵਿਚ ਨਿਤ ਲਾਂਦੇ ਹਨ। ਆਪਣੇ ਆਪ ਨੂੰ ਸਰਵ ਸ਼ਕਤੀਮਾਨ ਨਾਲ ਜੋੜਦੇ ਹਨ। ਅਤੇ ਸਤਿਗੁਰੂ ਹਨ ਜੁ ਟਿਸ ਸਭ ਕਾਸੇ ਵਿਚ ਅਗਵਾਈ ਕਰਦੇ ਹਨ। ਸਤਿਗੁਰੂ ਜੀ ਗੁਰਬਾਣੀ ਪੜ੍ਹਦੇ ਹੀ ਨਹੀਂ, ਦੱਸਦੇ ਹੀ ਨਹੀਂ, ਇਹ ਗੁਰਬਾਣੀ ਜੀਓਂਦੇ ਹਨ। ਗੁਰੂ ਰਾਮਦਾਸ ਜੀ ਨੇ ਸਿਖ ਦੀ ਜੋ ਤਾਰੀਫ਼ ਲਿਖੀ ਹੈ ਉਹ ਨਾਮਧਾਰੀ ਸਿਖ ਪੂਰੀ ਕਰਦੇ ਹਨ ਅਤੇ ਸਤਿਗੁਰੂ ਉਨ੍ਹਾਂ ਅੱਗੇ ਆਦਰਸ਼ ਰੂਪ ਹੁੰਦੇ ਹਨ। ਸੰਤ ਦਰਸ਼ਨ ਸਿੰਘ ਜੀ ਮਹਾਰਾਜ ਨੇ ਅੰਤ ਉਤੇ ਕਿਹਾ : ਸਤਿਗੁਰੂ ਜੀ ਨੇ ਪਸ਼ੂਆਂ ਦੀ ਚਰਬੀ ਤੇ ਖ਼ੂਨ ਆਦਿ ਨਾਲ ਬਣਦੇ ਫੈਸ਼ਨ ਪ੍ਰਸਾਧਨਾਂ ਬਾਰੇ ਜੋ ਕੁਝ ਫਰਮਾਇਆ ਹੈ ਉਹ ਸਾਨੂੰ ਠੀਕ ਹੀ ਦੱਸਿਆ ਹੈ ਕਿ ਅਸੀਂ ਸਾਦਾ ਜੀਵਨ ਵੱਲ ਰੁੱਚਿਤ ਹੋਦੀਏ। ਅਸੀਂ ਸਤਿਗੁਰੂ ਜੀ ਦੇ ਦੱਸੇ ਕੈਰੈਕਟਰ ਅਨੁਸਾਰ ਹੀ ਜੀਵਨ ਦਾ ਜਤਨ ਕਰਾਂਗੇ।

ਮੰਚ ਸੰਚਾਲਕ ਨੇ ਮਹਾਰਾਜ ਜੀ ਦਾ ਇਸ ਗਲੋਂ ਧਨਵਾਦ ਕੀਤਾ ਕਿ ਉਨ੍ਹਾਂ ਸਤਿਗੁਰੂ ਜੀ ਦੇ ਭਾਵਾਂ ਨੂੰ ਵਿਦੇਸ਼ੀਆਂ ਦੇ ਲਾਭ ਹਿਤ ਅੰਗਰੇਜ਼ੀ 'ਚ ਤਰਜਮਾਇਆ ਹੈ।

ਪੂਜਿਅ ਰਾਘਵਚਾਰਯ ਜੀ ਮਹਾਰਾਜ ਦੇ ਪਰਮ ਸ਼ਿਸ਼ ਸੁਆਮੀ ਜੀ ਨੇ ਮੰਗਲਾ ਚਰਣ ਸਲੋਕ ਪੜ੍ਹ ਕੇ ਜਦੋਂ ਸੰਤ ਕਿਰਪਾਲ ਸਿੰਘ ਜੀ ਮਹਾਰਾਜ ਦੀ ਜੈ ਪਬਲਿਕ ਤੋਂ ਕਹਿਲਵਾਈ ਤਾਂ ਸੰਤ ਦਰਸ਼ਨ ਸਿੰਘ ਜੀ ਨੇ ਸੰਤ ਰਾਘਵਾਚਾਰਯ ਜੀ ਦੀ ਜੈ ਅਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੈ-ਸੁਆਮੀ ਜੀ ਦੁਆਰਾ ਹੀ ਸ਼ਰੋਤਿਆਂ ਤੋਂ ਅਖਵਾਈ।

### ਵਾਪਸੀ

ਸਤਿਗੁਰੂ ਜੀ ਨੇ ੧੦ ਮਿੰਟ ਤਕ ਜਾਰੀ ਵਕਤਾ ਨੂੰ ਸੁਣਕੇ ਸੰਤ ਜੀ ਮਹਾਰਾਜ ਤੋਂ ਵਾਪਸੀ ਲਈ ਆਗਿਆ ਮੰਗੀ। ਸੰਤ ਜੀ ਮਹਾਰਾਜ ਆਪ ਜੀ ਦੇ ਨਾਲ ਹੀ ਉਠਕੇ ਹੋਰ ਨਾਮਧਾਰੀ ਸਿੰਘਾਂ ਨਾਲ ਗੱਡੀ ਤੱਕ ਆਏ। ਸਤਿਗੁਰਾਂ ਆਪਣੀ ਬਾਂਹ ਮਹਾਰਾਜ ਜੀ ਦੀ ਬਾਂਹ ਵਿਚ ਪਾਈ ਹੋਈ ਸੀ। ਅਤੇ ਸੰਗਤਾਂ ਦੇ ਇਕੱਠ ਵਿਚੋਂ ਰਾਹ ਬਣਾਂਦੇ.ਕੁਝ ਸਰੀਰ ਸਤਿਕਾਰ ਯੋਗ ਜੋੜੀ ਨੂੰ ਕਾਰ ਤਕ ਲੈ ਆਏ ਸਨ।

### ੧੧/੧੦ ਪੂਸਾ ਰੋਡ

ਕੋਈ ੮.੨੦ ਵਜੇ ਸਤਿਗੁਰੂ ਜੀ ਨਾਲ ਦੇ ਸੇਵਕਾਂ ਤੇ ਸਿੰਘਾਂ ਸਮੇਤ ਕਾਰਾਂ ਦੁਆਰਾ ਕੋਠੀ ਪੁੱਜੇ। ਏਥੇ ੬੦-੭੦ ਨਰ ਨਾਰੀ ਆਪ ਜੀ ਦੇ ਦਰਸ਼ਨਾਂ ਦੇ ਚਾਹਵਾਨ ਉਡੀਕ ਵਿਚ ਸਨ। ਇਹਨਾਂ ਵਿਚ ਸਵਰਗਵਾਸੀ ਸੰਤ ਖਜ਼ਾਨ ਸਿੰਘ ਇਨਸਾਫ਼ ਦੇ ਸਪੁਤਰ ਸੇਠ ਜਗਤਾਰ ਸਿੰਘ ਵੀ ਸਨ ਜੋ ਯੂਰਪ ਯਾਤਰਾਂ ਤੋਂ ਬਾਆਦ ਦਿੱਲੀ ਉਤਰੇ ਸਨ। ਇੰਗਲੈਂਡ ਦੀ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਪ੍ਰੀਤਮ ਸਿੰਘ ਵੀ ਅੱਜ ਹੀ ਦਰਸ਼ਨ-ਇੱਛਾ ਨਾਲ ਆਏ।

ਸੰਤ ਮਹਿੰਦਰ ਸਿੰਘ ਜਲੰਧਰ ਤੋਂ ਸ਼੍ਰੀ ਜਗਦੀਸ਼ ਸਿੰਘ ਆਫ਼ "ਵਰਿਆਮ" ਦੀਆਂ ਚਿੱਠੀਆਂ ਗੁਰੂ ਚਰਨਾਂ ਵਿਚ ਲੈਕੇ ਹਾਜ਼ਰ ਹੋਏ ਜਿਨ੍ਹਾਂ ਦਾ ਤੱਤ ਇਹ ਸੀ ਕਿ ਬਸੰਤ ਦੇ ਮੇਲੇ ਤੇ ਜਥੇਦਾਰ ਭੇਜੇ ਜਾਣ ਅਤੇ ਸੰਗੀਤ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਜਾਵੇ।

### ਬੀਤੇ ਦਿਨ

ਜਥੇਦਾਰ ਦਲੀਪ ਸਿੰਘ ਸੰਤ ਨਗਰ, ਜੋ ਸ੍ਰੀ ਸਤਿਗੁਰੂ ਜੀ ਦੀ ਆਗਿਆ ਵਿਚ ਪਿਛਲੇ ਦਿਨੀਂ ਯੂ. ਪੀ. ਫਾਰਮ ਵਿਚ ਗਏ, ਨੇ ਦਸਿਆ ਕਿ ਸਤਿਗੁਰੂ ਜੀ ੨੬ ਜਨਵਰੀ ਲਖਨਊ ਪਹੁੰਚ ਕੇ ਪ੍ਰਸ਼ਾਦ ਪਾਣੀ ਛਕਿਆ ਨਿਤਨੇਮ ਕੀਤਾ। ਸ਼ਾਮ ਦਾ ਦੀਵਾਨ ਵੀ ਨਾਮਧਾਰੀ ਸੰਗਤ ਲਖਨਊ ਨੂੰ ਦਰਸ਼ਨ ਦਿੰਦਿਆ ਲਗਾ। ਪ੍ਰੋਗਰਾਮ ਸਾਰੇ ਸ੍ਰ. ਜੰਗ ਸਿੰਘ ਕਾਮੋਕੇ ਦੇ ਘਰ ਹੋਏ।

੨੭ ਜਨਵਰੀ ਨੂੰ ਆਸਾ ਦੀ ਵਾਰ ਸ੍ਰ: ਗੁਲਾਬ ਸਿੰਘ ਸ਼ਾਹਜਹਾਨਪੁਰ ਕੇ ਘਰ ਜਾ ਲਗੀ। ਪਰਸ਼ਾਦ ਜਾਕੇ ਗੋਲਾ ਨਾਮਧਾਰੀ ਫਾਰਮ ਵਿਚ ਛਕਿਆ। ਫਾਰਮ ਵਿਚ ਰੋਜ਼ਾਨਾ ਨਾਮ ਸਿਮਰਨ, ਆਸਾ ਦੀ ਵਾਰ ਤੇ ਸ਼ਾਮ ਦੇ ਦੀਵਾਨ ਦੇ ਰੂਪ ਵਿਚ ਇਕ ਸ਼ਬਦ ਸਤਿਗੁਰੂ ਜੀ ਦੀ ਅਗਵਾਈ ਵਿਚ ਹੱਲੇ ਜਾਂ ਜੋਟੀਆਂ ਦੇ ਪੜ੍ਹੇ ਜਾਂਦੇ।



Sri Satguru Jagjit Singh Ji Elibrary NamdhariElibrary@gmail.com

ਮਾਤਾ ਚੰਦ ਕੌਰ ਜੀ ਸਤਿਗੁਰੂ ਜੀ ਤੋਂ ਇਕ ਦਿਨ ਪਹਿਲਾਂ ਫਾਰਮ ਤੇ ਪਹੁੰਚ ਗਏ ਸਨ। ਬੀਬੀ ਪ੍ਰੀਤਮ ਕੌਰ ਛੋਟੀਆਂ ਅਤੇ ਪੂਰਵ-ਪਤਨੀ ਬੀਬੀ ਸੁਖਵਿੰਦਰ ਕੌਰ ਨਾਲ ਸਨ। ਮਾਤਾ ਜੀ ਫਾਰਮ ਦੀ ਸੰਗਤ ਨੂੰ ਆਪ ਪ੍ਰਸ਼ਾਦ ਛਕਾਂਦੇ ਰਹੇ। ਲਗਭਗ ਸਵਾ ਸੌ ਆਦਮੀ ਸਨ ਜੋ ਕਰੀਵਾਲੇ ਤੇ ਸੰਤ ਨਗਰੋਂ ਫਾਰਮ ਵਿਚ ਸੇਵਾ ਕਰਨ ਗਏ ਹੋਏ ਸਨ।

ਕੋਈ ੨੫ ਕਿੱਲੇ ਕਮਾਦ ਲਗਾਇਆ ਗਿਆ। ਸਤਿਗੁਰੂ ਜੀ ਦੀ ਵਾਪਸੀ ਤੇ ੧੫ ਸਰੀਰ ਆਪ ਜੀ ਦੇ ਨਾਲ ਹੀ ਆ ਗਏ ਹਨ। ਇਹ ਸਰੀਰ ਕੀਰਤਨਕਾਰ ਹੀ ਸਨ : ਸੰਤ ਨਿਰੰਜਨ ਸਿੰਘ ਜੀ ਨਗਰ ਵਾਲੇ, ਸੰਤ ਗੁਰਬਖਸ਼ ਸਿੰਘ ਸੰਤ ਗੁਰਦਿਆਲ ਸਿੰਘ ਸੰਤ ਨਗਰ, ਸੰਤ ਧਰਮ ਸਿੰਘ ਧੰਨਾ, ਸੰਤ ਕਰਤਾਰ ਸਿੰਘ ਪੌੜੀ, ਸੰਤ ਬਲਕਾਰ ਸਿੰਘ ਸੰਤ ਨਗਰ ਤੇ ਉਸਤਾਦ ਨੱਥਾ ਸਿੰਘ ਜੀ ਦਾ ਲੜਕਾ।

ਫਾਰਮ ਵਿਚ ਸੜਕਾਂ ਜੁ ਸਤਿਗੁਰੂ ਜੀ ਦੇ ਆਪ ਹੀ ਵਿਉਂਤੀਆਂ ਹਨ ਉਹਨਾਂ ਨੂੰ ਮਿੱਟੀ ਪਾਕੇ ਉੱਚਾ ਕੀਤਾ ਜਾ ਰਿਹਾ ਹੈ। ਸ. ਸੁਰਿੰਦਰ ਸਿੰਘ ਮਨਚੰਦਾ ਦੀ ਗੱਡੀ ਮਾਟਾ-ਡੋਰ ਤਿੰਨ ਵਾਰ ਦੇ ਦੌਰਿਆਂ ਸਮੇਂ ਨਾਲ ਗਈ।

## ਦਰਸ਼ਨ ਪ੍ਰੇਮੀ

੧੦ ਵਜੇ ਰਾਤੀਂ ਬੀਬਾ ਸਾਹਿਬ ਕੌਰ ਤੇ ਬੀਬੀ ਨਰਿੰਦਰ ਹੁਰੀਂ ਵੀ ੧੧/੧੦ ਪੂਸਾ ਰੋਡ ਆ ਪਹੁੰਚੇ। ਸੰਤ ਨਿਰੰਜਨ ਸਿੰਘ ਗਹੀਰ ਵੀ ਏਥੇ ਦਰਸ਼ਨਾਂ ਲਈ ਆ ਗਏ। ਸੰਤ ਬਲਵੰਤ ਸਿੰਘ, ਸੰਤ ਨਿਹਾਲ ਸਿੰਘ ਗਾਜ਼ੀਆਬਾਦ, ਸੰਤ ਗੁਰਬਖ਼ ਸਿੰਘ ਮਸਤਾਨਾ ਗਾਂਧੀ ਨਗਰ ਇਹਨਾਂ ਦਾ ਸਪੁੱਤਰ ਨਰਿੰਦਰ ਸਿੰਘ ਆਦਿ ਹੋਰ ਅਨੇਕਾਂ ਸਰੀਰ ਵੀ ਦਰਸ਼ਨ ਯਾਚਕ ਸਨ। ਨਾਮਧਾਰੀ ਸੰਗਤ ਯੂ. ਕੇ. ਦੇ ਪ੍ਰਧਾਨ ਸ੍ਰ. ਪ੍ਰੀਤਮ ਸਿੰਘ ਗੇਹਲ ਸੁਪਤਨੀ ਬੀਬੀ ਹਰਭਜਨ ਕੌਰ ਤੇ ਪੁੱਤਰੀ ਸਤਨਾਮ ਕੌਰ ਨਾਲ ੩੦ ਜਨਵਰੀ ਦੇ ਭਾਰਤ ਆਏ ਹੋਏ ਹਨ ਅਤੇ ਅੱਜ ਗੁਰੂ ਦਰਸ਼ਨਾਂ ਦੀ ਇੱਛਾ ਲੈ ਕੇ ਹੀ ਏਥੇ ਆਏ। ਅਨੇਕਾਂ ਹੋਰ ਸਿੰਘ-ਸਿੰਘਣੀਆਂ ਮੇਰੀ ਅਜੇ ਪਛਾਣ ਵਿਚ ਨਹੀਂ ਆਏ ਜੋ ਦਰਸ਼ਨ ਪਰਸਨ ਲਈ ਕੋਠੀ ਅਪੜੇ ਹੋਏ ਸਨ।

ਰਾਧਾ ਸਵਾਮੀ ਸਤਸੰਗ ਚੋਂ ਆਉਂਦਿਆਂ ਹੀ ਸਾਧ ਸੰਗਤ ਨੂੰ ਦਰਸ਼ਨ ਦੇ ਵਿਹਾਰ ਕਾਰ ਵਾਲਿਆਂ ਨਾਲ ਇਕਾਂਤ ਵਿਚ ਹੋ ਬੈਠੇ। ਸੰਤ ਅਮਰ ਸਿੰਘ ਨੰਬਰਦਾਰ ਜੀਵਨ ਨਗਰ ਨੇ ਵੀ, ਜਾਪਦਾ ਹੈ, ਇਲਾਕੇ ਦੀ ਮੌਜੂਦਾ ਸਥਿਤੀ ਤੋਂ ਸਤਿਗੁਰੂ ਜੀ ਨੂੰ ਜਾਣੂੰ ਕਰਵਾਣਾ ਹੈ। ਬਾਅਦ ਵਿਚ ਨੰਬਰ-ਦਾਰ ਨੇ ਮੇਰੇ ਇਸ ਵਿਚਾਰ ਦੀ ਪੁਸ਼ਟੀ ਕਰ ਦਿਤੀ।

## ਇਕ ਰੂਪਤਾ

ਰਾਤੀਂ ੧੧.੩੦ ਵਜੇ ਸਤਿਗੁਰੂ ਜੀ ਕੁਝ ਵਿਸ਼ੇਸ਼ ਸਿੱਖਾਂ ਨਾਲ ਬੈਠਣ ਕਮਰੇ ਵਿਚ ਖਲੋਤੇ ਹੋਏ ਸਨ ਕਿ ਮੈਂ ਜ਼ਿਕਰ ਕੀਤਾ ਫਰਵਰੀ ੭੮ ਦੇ ਕੌਮੀ ਏਕਤਾ ਵਿਚ ਛਪੀ ਫੋਟੋ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭੁਲੇਖਾ ਪਾਂਦੀ ਹੈ। ਸੰਤ ਬਲਕਾਰ ਸਿੰਘ ਨੇ ਵੀ ਗੱਲ ਸੁਣਾਈ ਕਿ ਉਸ ਪੰ: ਗੋਪਾਲ ਸਿੰਘ ਹੁਰਾਂ ਵੀ ਪਹਿਲੀ ਨਜ਼ਰੇ ਇਹੋ ਭੁਲੇਖਾ ਖਾਧਾ। ਥੱਲੇ 'ਕੈਪਸ਼ਨ' ਪੜ੍ਹਨ ਤੋਂ ਪਤਾ ਲਗਾ ਕਿ ਇਹ ਫੋਟੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ।

ਇਹ ਸਭ ਸੁਣ ਕੇ ਸਤਿਗੁਰੂ ਜੀ ਨੇ ਇਕ ਯਾਦ ਸਾਡੇ ਨਾਲ ਸਾਂਝੀ ਕੀਤੀ : ਛੋਟੇ ਹੁੰਦਿਆਂ, ਕਿਸ਼ੋਰ ਅਵਸਥਾ ਵਿਚ, ਇਕ ਦਿਨ ਮੈਂ ਜ਼ੋਰ ਕਰਨ ਵਾਲੇ ਅਖਾੜੇ ਵਿਚ ਕੱਛਾ (ਕਛਹਿਰੇ ਦਾ ਸੰਖੇਪ ਰੂਪ) ਪਾ ਕੇ ਕੁਸ਼ਤੀ ਲੜਨ ਲਈ ਖਲੋਤਾ ਸਾਂ ਕਿ ਸਤਿਗੁਰੂ (ਪ੍ਰਤਾਪ ਸਿੰਘ) ਜੀ ਨੇ ਮੈਨੂੰ ਗਹੁ ਨਾਲ ਨਿਹਾਰ ਕੇ, ਕੈਮਰਾ ਲਿਆਉਣ ਲਈ ਹੁਕਮ ਕੀਤਾ। ਮੈਂ ਲੈ ਆਂਦਾ। ਸਤਿਗੁਰਾਂ ਨੇ ਮੇਰੀ, ਇੰਜ ਨੰਗੇ ਪਿੰਡੇ ਖਲੋਤੇ ਦੀ ਫੋਟੋ ਆਪ ਲਈ : ਫ਼ਰਮਾਇਆ : ਤੇਰੇ ਵੱਲ ਵੇਖ ਕੇ ਮੈਨੂੰ ਏਸ ਉਮਰ ਦਾ ਆਪਣਾ ਆਪ ਯਾਦ ਆ ਰਿਹਾ ਹੈ। ਮੈਂ ਅਸਲੋਂ ਤੇਰੇ ਵਰਗਾ ਹੀ ਸਾਂ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਦਸਿਆ ਕਿ ਉਹਨਾਂ ਉਹ ਫੋਟੋ ਬਹੁਤ ਅਰਸਾ ਸੰਭਾਲ ਕੇ ਰਖੀ। ਦੋਹਾਂ ਕਾਰਨਾਂ ਕਰਕੇ। ਇਕ ਤਾਂ ਸਤਿਗੁਰਾਂ ਦੇ ਹਥੀਂ ਖਿੱਚੀ ਫੋਟੋ ਸੀ, ਦੂਜੇ ਉਹਨਾਂ ਦੀ ਉਸ ਉਮਰ ਦੀ ਸਮਰੂਪਤਾ ਕਾਰਨ।

ਨਿੱਕੀ ਮੋਟੀ ਗੱਲ ਕਰਦਿਆਂ ੧੨ ਵਜ ਗਏ ਰਾਤ ਦੇ। ਸਤਿਗੁਰੂ ਜੀ ਨੇ ਵਿਅੰਗ ਨਾਲ ਆਖਿਆ : ਕਵੀ ਜੀ, ਤੁਹਾਨੂੰ ਕਹਿੰਦੇ ਹਾਂ ਹੁਣ ਚਲੇ ਵੀ ਜਾਓ। ਬਾਕੀ ਦੇ ਜੇ ਸਿਆਣੇ ਹੋਏ ਤਾਂ ਆਪੇ ਚਲੇ ਜਾਣਗੇ।

ਜਿੰਨ੍ਹਾਂ ਨੂੰ ਇਹ ਸ਼ਬਦ ਸੁਣਕੇ ਬਾਕੀ ਰਾਤ ਲਈ ਵਿਦਾ ਹੋਣਾ ਪਿਆ, ਉਹ ਸਨ : ਸੇਠ ਤ੍ਰਿਲੋਕ ਸਿੰਘ, ਸ੍ਰ. ਹੰਸਪਾਲ, ਸੇਵਕ ਬਲਕਾਰ ਸਿੰਘ, ਸੇਵਕ ਮਹਿੰਦਰ ਸਿੰਘ ਪ੍ਰਤਵਾ, ਨਿੱਜੀ ਸਕੱਤਰ ਸੰਤ ਤਰਸੇਮ ਸਿੰਘ, ਉਸਦੀ ਪਤਨੀ, ਸਾਬਕਾ ਸੇਵਕ ਗੁਰਭਜਨ ਸਿੰਘ, ਸਰੋਦ ਵਾਦਕ ਗੁਰਦੇਵ ਸਿੰਘ, ਸਿਤਾਰ ਵਾਦਕ ਹਰਭਜਨ ਸਿੰਘ, ਸੰਤ ਮਹਿੰਦਰ ਸਿੰਘ ਜਲੰਧਰੀ, ਸੇਠ ਸਪੁੱਤਰ ਧਰਮ ਸਿੰਘ, ਸੰਤ ਅਮਰ ਸਿੰਘ ਨੰਬਰਦਾਰ, ਸੰਤ ਨਿਰੰਜਨ ਸਿੰਘ ਨਗਰ।


Sri Satguru Jagjit Singh Ji Elibrary NamdhariElibrary@gmail.com

## ਆਗਾਮੀ ਪ੍ਰੋਗਰਾਮ

ਸਤਿਗੁਰਾਂ ਤਰਸੇਮ ਸਿੰਘ ਨੂੰ ਆਗਿਆ ਕੀਤੀ ਕਿ ਉਹ ਸ੍ਰ. ਗੁਰਬਖ਼ਸ਼ ਸਿੰਘ ਸ਼ੌਕ ਬਾਰੇ ਅਫਸੋਸ ਦਾ ਪੱਤਰ ਯੂ. ਕੇ. ਨੂੰ ਲਿਖੇ । ਸੰਤ ਤਰਸੇਮ ਸਿੰਘ ਤੋਂ ਸਤਿਗੁਰੂ ਜੀ ਦਾ ਆਗਾਮੀ ਪ੍ਰੋਗਰਾਮ ਪਤਾ ਲਗਾ : ਕਲ ਸਵੇਰੇ ੯ ਵਜੇ ਹਵਾਈ ਸਫਰ ਦੁਆਰਾ ਹੈਦਰਾਬਾਦ ਪ੍ਰਸ਼ਾਦ ਪਾਣੀ ਛਕ ਕੇ ਸ਼ਾਮ ਤਕ ਹਵਾਈ ਉਡਾਣ ਨਾਲ ਬੈਂਗਲੋਰ । ੯ ਤਾਰੀਖ ਤਕ ਬੈਂਗਲੋਰ ਫਾਰਮ ਵਿਚ ਦਰਸ਼ਨ ਦੇ ਕੇ, ਜਿਥੇ ਮਹਾਰਾਜ ਬੀਰ ਸਿੰਘ ਜੀ ਨੇ ਬੇਬੇ ਦਲੀਪ ਕੌਰ ਜੀ ਪਹਿਲਾਂ ਹੀ ਪਹੁੰਚੇ ਹੋਏ ਹਨ, ਹੋਰ ਸੰਗਤ ਵੀ ਇੰਤਜ਼ਾਰ ਕਰ ਰਹੀ ਹੈ । ੧੦ ਤਾਰੀਖ ਨੂੰ ਬੰਬਈ । ੧੧ ਨੂੰ ਦਿੱਲੀ । ਏਥੇ ਸ੍ਰ. ਸੁਲੱਖਣ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਤਾ ਦੇ ਸਤਾਰੀਏ ਸਮੇਂ ਦਰਸ਼ਨ ਦੇਣਗੇ । ਏਸੇ ਰਾਤ ਭੈਣੀ ਸਾਹਿਬ । ਬਸੰਤ ਦਾ ਦਿਹਾੜਾ ਸ੍ਰੀ ਭੈਣੀ ਸਾਹਿਬ ਮਨਾਕੇ ੧੩ ਫਰਵਰੀ ਦਾ ਦਿਨ ਤੇ ਰਾਤ ਜਲੰਧਰ ਵਿਖੇ ਸਾਧ ਸੰਗਤ ਨਾਲ ਬਸੰਤ ਦੇ ਤਿਉਹਾਰ ਨੂੰ ਰੌਣਕ ਬਖਸ਼ੀ ਜਾਵੇਗੀ ੧੪ ਫਰਵਰੀ ਨੂੰ ਆਸਾ ਦੀ ਵਾਰ ਜਲੰਧਰ ਸੁਣਕੇ ਬਠਿੰਡੇ ਦੇ ਇਲਾਕੇ ਵਿਚ ਅਤੇ ੧੫.੨.੭੮ ਨੂੰ ਦਿੱਲੀ ਦਰਸ਼ਨ ਦੇਣਗੇ । ਅਗੇ ੧੬ ਤੋਂ ੨੩ ਤਕ ਬੈਂਕਕੋ ਥਾਈਲੈਂਡ ਵਿਖੇ ।

### ੧੦ ਫਰਵਰੀ ੧੯੭੮, ਸ਼ੁਕਰਵਾਰ
### ਨਵੀਂ ਦਿੱਲੀ

## ਮੁੜ ਦੇਸ਼ ਵਿਚ

ਸਤਿਗੁਰਾਂ ਨੇ ਬੰਬਈ ਤੋਂ ਜਹਾਜ਼ ਦੁਆਰਾ ਰਾਤੀਂ ੮ ਵਜੇ ਤੋਂ ਪਿਛੋਂ, ਨਵੀਂ ਦਿੱਲੀ ਪਾਲਮ ਹਵਾਈ ਅੱਡੇ ਤੇ ਪਹੁੰਚਣਾ ਹੈ । ਮੈਂ ਵੀ ਉਤਸੁਕ ਸਾਂ ਏਅਰ ਪੋਰਟ ਤੇ ਜਾ ਸੁਆਗਤ ਕਰਨ ਵਾਸਤੇ ੯੫, ਰਾਣੀਬਾਗ,. ਸ਼ਾਸਤਰੀ ਨਗਰ ਜਮਨਾਪਾਰ ਬਾਲ ਸਖਾਈ ਪ੍ਰੀਤਮ ਸਿੰਘ ਪੰਛੀ ਤੇ ਉਹਦੀ ਸ਼ਾਂਤਾ ਨੂੰ ਮਿਲ ਕੇ ਆਇਆ ਹਾਂ । ਪੰਛੀ ਨੇ ਜੀਵਨ ਨਗਰ ਬਾਰੇ ਇਕ ਇਨਫਰਮੇਟਰੀ ਨੋਟ 'ਨੈਸ਼ਨਲ ਹੈਰਲਡ' ਵਾਸਤੇ ਲਿਖਿਆ ਹੈ । ਉਸਦੀ ਪਤਨੀ ਨੇ ਵੀ ਕੁਛ ਨਜ਼ਮਾਂ ਸੁਣਾਈਆਂ ।

੧੧/੧੦ ਪੂਸਾ ਰੋਡ ਪੁੱਜਾ ਤਾਂ ਸਤਿਗੁਰੂ ਜੀ ਦੇ ਕਮਰਿਆਂ ਦੇ ਸਾਹਮਣੇ ਦੇ ਵਰਾਂਡੇ ਵਿਚ ਦੋ ਕੁਰਸੀਆਂ ਤੇ ਬੈਠੇ ਸੰਤ ਗੁਰਚਰਨ ਸਿੰਘ (੫੮) ਅਤੇ ਸੰਤ ਹਰਬੰਸ ਸਿੰਘ (੪੫) ਨੂੰ ਮਿਲਿਆ । ਦੋਨੋਂ ਭਾਈ ਪਿੰਡ ਸੰਤ ਨਗਰ (ਸਰਸਾ) ਦੇ ਰਹਿਣ ਵਾਲੇ ਹਨ । ਪਿਛੋਂ ਪਿੰਡ ਕੁੱਝਰਾਂ, ਜ਼ਿਲਾ ਸ਼ੇਖੂਪੁਰ (ਹੁਣ ਪਾਕਿਸਤਾਨ) ਦੇ ਹਨ । ਸਤਿਗੁਰੂ ਜ ਨੇ ਇਹਨਾਂ ਨੂੰ ਸੰਤ ਸੁਖਚੈਨ ਸਿੰਘ ਯੂ. ਪੀ. ਨਾਮਧਾ ਫਾਰਮ ਦੇ ਗੁਆਂਢੀ ਸਿੰਘ ਦੇ ਮਕਾਨ ਨੂੰ ਬੂਹੇ ਬਾਰੀਆ ਚੜ੍ਹਾਣ ਲਈ ਭੇਜਿਆ ਸੀ । ਪਰ ਅਗੋਂ ਸਮੇਂ ਸਿਰ ਲਕੜ ਨਾ ਮਿਲਣ ਕਰਕੇ ਵਾਪਸ ਪਰਤੇ ਹਨ । ਸਤਿਗੁਰੂ ਜੀ ਇਹਨਾਂ ਦਾ ਆਉਣਾ ਚੰਗਾ ਨਹੀਂ ਲਗਾ : ਲਕੜੀ ਨਹੀ ਸੀ ਮਿਲਦੀ ਤਾਂ ਮੈਨੂੰ ਦਸਦੇ ਮੈਂ ਪ੍ਰਬੰਧ ਕਰਕੇ ਦਿੰਦਾ । ਇਹ ਦੋਵੇਂ ਇਕ ਵਾਰ ਪਿੰਡ ਜਾਂ ਦੁਬਾਰਾ ਸੁਖਚੈਨ ਸਿੰ ਹੁਰਾਂ ਪਾਸ ਪਹੁੰਚਣਗੇ ।

ਇਹਨਾਂ ਦੋਹਾਂ ਭਰਾਵਾਂ ਦਾ ਪਿਤਾ ਸੰਤ ਭਗਤ ਸਿੰ ਅਤੇ ਦਾਦਾ ਸੰਤ ਭਾਨ ਸਿੰਘ ਵੀ ਸਤਿਗੁਰੂ ਪ੍ਰਤਾਪ ਸਿੰਘ ਜ ਦੇ ਸਮੇਂ ਦੇ ਸਿਦਕੀ ਸਿਖ ਸਨ । ਸੰਤ ਨੱਥਾ ਸਿੰਘ ਪਤ ਇਹਨਾਂ ਦੇ ਨਾਨਾ ਸਨ । ਸੰਤ ਗੁਰਦਿਆਲ ਸਿੰਘ ਅਤੇ ਸੰ ਗੁਰਬਖਸ਼ ਸਿੰਘ "ਹਰਸ਼" ਸੰਤ ਨਗਰ ਇਹਨਾਂ ਦੇ ਸੱ ਚਾਚੇ ਲਗਦੇ ਹਨ । ਗੁਰਚਰਨ ਸਿੰਘ ਨੇ ਦੱਸਿਆ ਕਿ ਸਾ ਚਾਚਿਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੫-੫ ਏਕ ਜ਼ਮੀਨ ਮੁਫ਼ਤ ਦਿਤੀ ਹੋਈ ਹੈ ਤਾਕਿ ਉਹ ਕਿਰਤ ਕਰਨ ਭਜਨ ਬਾਣੀ ਵਲ ਧਿਆਨ ਦੇਈ ਰਖਣ ।

ਗੁਰੂ ਕਾ ਹਜ਼ੂਰੀ ਡਰਾਈਵਰ ਗੁਰਮੁਖ ਸਿੰਘ, ਸੰ ਨਗਰ, ਕਾਰ ਲੈ ਕੇ ਕੱਲ ਦਾ ਏਥੇ ਆਇਆ ਹੋਇਆ ਹੈ ਅੱਜ ਏਅਰ ਪੋਰਟ ਤੇ ਜਾਵੇਗਾ ।

ਸੰਤ ਗੁਲਜ਼ਾਰ ਸਿੰਘ ਸਤਿਗੁਰੂ ਜੀ ਦਾ ਸਾਬਕ ਹਜ਼ੂਰੀ ਸੇਵਕ ਵੀ ਦਿੱਲੀ ਹੈ ਅਜਕਲ । ਇਹਦਾ ਵੱਡ ਲੜਕਾ ਜੁ ੧੬-੧੭ ਸਾਲ ਦੀ ਆਯੂ ਦਾ ਹੈ ਪਿਛਲੇ ਕਈ ਮਹੀਨੇ ਤੋਂ ਬਿਮਾਰ ਚਲਿਆ ਆ ਰਿਹਾ ਹੈ । ਠੀਕ ਹੋਣ ਵਿਚ ਨਹੀਂ ਆ ਰਿਹਾ । ਸਤਿਗੁਰੂ ਜੀ ਨੇ ਹੁਣ ਇਸ ਨੂੰ ਡਾਕਟਰ ਐਚ. ਐਸ. ਲੂਥਰਾ ਕੋਲੋਂ ਇਲਾਜ ਕਰਵਾਣ ਦੀ ਆਗਿਆ ਕੀਤੀ ਹੈ । ਦੋ ਦਿਨ ਤੋਂ ਉਸਦਾ ਇਲਾਜ ਚਲ ਰਿਹਾ ਹੈ ।

ਡਾ: ਲੂਥਰਾ ਨੇ ਦੱਸਿਆ ਹੈ ਕਿ ਮਰੀਜ਼ ਦਾ ਲਹੂ ਪਾਣੀ ਇਕ ਹੋ ਗਿਆ ਹੈ । ੫-੬ ਬੋਤਲਾਂ ਗਲੂਕੋਜ਼ ਚੜ੍ਹਾਕੇ ਵੇਖਿਆ ਕਿ ਬੱਚੇ ਦਾ ਇਲਾਜ ਕੀ ਦਸ਼ਾ ਗ੍ਰਹਿਣ ਕਰਦਾ ਹੈ।

ਸ਼ਾਮ ਦੇ ੭ ਵਜ ਗਏ ਹਨ । ਮੈਂ ਲੰਗਰ ਵਿਚ ਜਾਕੇ ਵੇਖਿਆ ਹੈ, ਬੀਬੀ ਸੁਰਜੀਤ ਕੌਰ ਸੁਪਤਨੀ ਸੰਤ ਸੁਖਦਰਸ਼ਨ ਸਿੰਘ ਦੀ ਸਰਦਾਰੀ ਹੇਠ ਮਾਈਆਂ ਲੰਗਰ ਵਾਸਤੇ ਸਬਜ਼ੀ ਕੱਟ, ਤਿਆਰ ਕਰ ਰਹੀਆਂ ਹਨ । ਆਟਾ ਗੁੱਝ ਰਿਹਾ ਹੈ ਤਾਂ ਕਿ ਸਤਿਗੁਰੂ ਜੀ ਨਾਲ ਆਇਆ ਸਿਖਾਂ ਸਾਧਾਂ ਨੂੰ ਲੰਗਰ

ਛਕਿਆ



Sri Satguru Jagjit Singh Ji Elibrary NamdhariElibrary@gmail.com

ਛਕਾਇਆ ਜਾ ਸਕੇ । ਸਤਿਗੁਰੂ ਜੀ ਆਪ ਤਾਂ ਇਸ ਵੇਲੇ ਪ੍ਰਸ਼ਾਦਾ ਛਕਦੇ ਨਹੀਂ । ਇਸ ਵੇਲੇ ਸੇਵਾ 'ਵਿਚ ਹੱਥ ਵਟਾ ਰਹੀਆਂ ਹਨ: ਬੀਬੀ ਇੰਦਰ ਕੌਰ, ਬੀਬੀ ਪ੍ਰੀਤਮ ਕੌਰ ਸੁਪਤਨੀ ਸੰਤ ਬਲਵੰਤ ਸਿੰਘ ਮੋਹੀ, ਬੀਬੀ ਕਿਰਪਾਲ ਕੌਰ ਸੰਤ ਤ੍ਰਿਲੋਕ ਸਿੰਘ ਦੀਆਂ ਦੋਵੇਂ ਨੂੰਹਾਂ ਜੁਗਜੀਵ ਰਾਜ ਕੌਰ ਸੁਪਤਨੀ ਸ੍ਰੀ ਬਖਸ਼ੀਸ਼ ਸਿੰਘ, ਬੀਬੀ ਚਰਨ ਕੌਰ ਸੁਪਤਨੀ ਸ੍ਰੀ ਸ਼ੇਰ ਸਿੰਘ ।

੭.੩੦ ਵਜੇ ਸ: ਹਰਵਿੰਦਰ ਸਿੰਘ ਹੰਸਪਾਲ, ਸ. ਸੁਰਜੀਤ ਸਿੰਘ ਦਿਸਦਾ ਲੜਕਾ ਧਰਮਵੀਰ ਸਿੰਘ ਅਤੇ ਸ. ਗੁਰਭਜਨ ਸਿੰਘ ਵੀ ਕੋਠੀ ਪਹੁੰਚ ਗਏ । ਹੋਰ ਪੰਦਰਾਂ ਮਿੰਟ ਤਕ ਇਕ ਹੋਰ ਕਾਰ ਆ ਗਈ, ਇਸ ਵਿਚੋਂ ਸ੍ਰੀ ਮਾਤਾ ਚੰਦ ਕੌਰ ਜੀ, ਬੀਬੀ ਪ੍ਰੀਤਮ ਕੌਰ ਢੋਟੀਆਂ ਵਾਲੀ, ਬੀਬੀ ਸੁਖਵਿੰਦਰ ਕੌਰ ਪੂਰਵਾ-ਪਤਨੀ, ਸੰਤ ਕਿਰਪਾਲ ਸਿੰਘ ਝੱਬਰ ਅਤੇ ਸੰਤ ਬਲਕਾਰ ਸਿੰਘ ਯੂ. ਪੀ. ਵਾਲਾ ਉੱਤਰੇ । ਮਾਤਾ ਜੀ ਨੂੰ ਉਪਸਥਿਤ ਸਜਣ ਮੱਥਾ ਟੇਕਣ ਲਗ ਪਏ ਉਹਨਾਂ ਨਿਕਾ ਨਿਕਾ ਮੁਸਕਰਾਂਦਿਆਂ ਸਭ ਦਾ ਅਭਿਵਾਦਨ ਸ੍ਵੀਕਾਰ ਕੀਤਾ । ਹਰਵਿੰਦਰ ਸਿੰਘ ਨੇ ਕਿਹਾ : ਮਾਤਾ ਜੀ, ਹੁਣ ਤੁਹਾਡੇ ਮੀਲ ਵੀ ਸਤਿਗੁਰੂ ਜੀ ਜਿੰਨੇ ਹੋਣੇ ਚਾਹੀਦੇ ਹਨ ।

ਸਤਿਗੁਰੂ ਜੀ ਦੀ ਅਗਵਾਨੀ ਲਈ ਗਏ ਤਾਂ ਪਾਲਮ ਅਡੇ ਤੇ ੪੦ ਕੁ ਸਰੀਰ ਜੁੜ ਗਏ । ਕੁਝ ਨਾਮ : ਸੰਤ ਪ੍ਰੀਤਮ ਸਿੰਘ ਬਾਲੀ ਨਗਰ, ਸੰਤ ਦਿਆਲ ਸਿੰਘ ਦੋਵੇਂ, ਸੰਤ ਸੇਵਾ ਸਿੰਘ ਸਰਸਾ, ਸ੍ਰ. ਸੁਚਾ ਸਿੰਘ, ਸ੍ਰੀ ਗੁਰਦੇਵ ਸਿੰਘ ਸਰੋਦ, ਸ੍ਰੀ ਹਰਭਜਨ ਸਿੰਘ ਸਿਤਾਰ, ਸੰਤ ਗੁਰਦੀਪ ਢੋਡਾ ਸੰਤ ਹਰਬੰਸ ਸਿੰਘ ਮਨਚੰਦਾ ਦੇ ਪਿਤਾ, ਮਨਚੰਦਾ ਪਤਨੀ ਤੇ ਹੋਰ ਰਿਸ਼ਤੇਦਾਰ ਆਦਿ ।

ਜਹਾਜ਼ ਇਕ ਘੰਟਾ ਲੇਟ ਅਰਥਾਤ ੯ ਵਜੇ ਪਾਲਮ ਉਤਰਿਆ ਸੀਸ਼ਿਆਂ ਵਿਚ ਦੀ ਨਜ਼ਰਾਂ ਗੱਡ ਗੱਡ ਸਤਿਗੁਰੂ ਜੀ ਦੀ ਪ੍ਰਥਮ ਝਲਕ ਲਈ ਉਤਾਵਲੀਆਂ ਨਜ਼ਰਾਂ ਨਾਲ ਤਕ ਰਹੇ ਸਨ : ਕਦੋਂ ਆਉਣ ਸਾਡੇ ਸਿਰਤਾਜ ਅਤੇ ਜਦੋਂ ਆਪ ਚੌਥੀ ਅੱਡਾ-ਬੱਸ ਚੋਂ ਨਿਕਲ ਕੇ ਸੁਆਗਤ ਹਾਲ ਵਿਚ ਆਏ ਤਾਂ ਪ੍ਰੇਮੀਆਂ ਨੇ ਚਰਨਾਂ ਨੂੰ ਛੂਹ ਛੂਹ ਅੱਖੀਆਂ ਠਾਰੀਆਂ । ਆਪ ਜੀ ਪਿਛੇ ਪਿਛੇ ਠਾਕੁਰ ਵਿਸ਼ੇਸ਼ਰ ਸਿੰਘ ਸਪੁਤਰ ਮਹਾ-ਰਾਜ ਨਿਹਾਲ ਸਿੰਘ ਜੀ, ਸ. ਸੁਰਿੰਦਰ ਸਿੰਘ ਮਨਚੰਦਾ ਅਤੇ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਵਾ ਵੀ ਆ ਗਏ ।

## ਜਾਦੂ ਕਾਰ

ਸਤਿਗੁਰੂ ਜੀ ਨੇ ਹਰੇਕ ਦੇ ਹਿਰਦੇ ਨੂੰ ਨਿੱਕਾ ਨਿੱਕਾ ਕੁਛ ਕਹਿ ਗੁਦ ਗੁਦਾਇਆ । ਜਿਵੇਂ ਸ. ਸੁਰਜੀਤ ਸਿੰਘ ਨੂੰ ਪਿੱਠ ਥਾਪੜ ਕੇ ਆਖਿਆ : ਮੇਰਾ ਜੀ ਕਰਦਾ ਸੀ ਅਵਤਾਰ ਸਿੰਘ (ਉਹਦਾ ਛੋਟਾ ਭਾਈ, ਤਬਲਾ ਵਾਦਕ) ਐਤਕਾਂ ਖਾਂ ਸਾਹਿਬ (ਵਲਾਇਤ ਖ਼ਾਂ) ਨਾਲ ਜਾਵੇ ਤਾਂ ਉਹਦੀ ਪਤਨੀ ਵੀ ਨਾਲ ਹੀ ਜਾਵੇ । ਫਿਰ ਖਿਆਲ ਆਇਆ । ਬੱਚਿਆਂ ਨੂੰ ਕੌਣ ਸੰਭਾਲੇ ? ਤੇ ਝੱਟ ਤੇਰਾ ਧਿਆਨ ਆ ਗਿਆ ਕਿ ਤੁਸੀਂ ਆਏ ਹੋ, ਸੋ ਬੱਚਿਆਂ ਵਲੋਂ ਬੇਫਿਕਰ ਹੋ ਗਿਆ । ਹੁਣ ਉਹਦੀ ਪਤਨੀ ਨੂੰ ਨਾਲ ਭੇਜਣਾ ਹੈ ।... ਸੁੱਚਾ ਸਿੰਘ ਸੱਖੀ ਨੂੰ ਕਹਿਆ : ਸੁਣਾਓ ਜੀ, ਕੀ ਹਾਲ ਨੇ ?...ਸੁਰਿੰਦਰ ਨੂੰ ਵਿਨੋਦਿਆ : ਇਹ ਬੀਬੀ ਕਿਵੇਂ ਆ ਗਈ ? (ਇਹਦਾ ਪਤੀ ਸਤਿਗੁਰੂ ਜੀ ਨੇ ਨਾਲ ਹੀ ਵਿਦੇਸ਼ੋਂ ਮੁੜਿਆ ਸੀ) । ਹਰਵਿੰਦਰ ਸਿੰਘ, ਸੇਠ ਤ੍ਰਿਲੋਕ ਸਿੰਘ ਹੁਰਾਂ ਨਾਲ ਵੀ ਕੁਛ ਨ ਕੁਛ ਸ਼ਬਦ ਸਾਂਝੇ ਕੀਤੇ । ਮੇਰੇ ਵਲ ਵੀ ਕੱਨਖੀਆਂ ਨਾਲ ਤਕ ਇੰਜ ਮੁਸਕਾਏ ਜਿਵੇਂ ਮੇਰੀ ਨਮਸਕਾਰ ਹੁਣ ਹੀ ਪਰਵਾਨ ਕੀਤੀ ਹੁੰਦੀ ਹੈ ।

ਅਜਿਹਾ ਜਾਦੂ ਕਰਨਾ ਸਤਿਗੁਰੂ ਜੀ ਦੇ ਸੁਭਾਅ ਦਾ ਅੰਗ ਹੈ । ਘਨਿਸ਼ਟਤਾ ਵਾਲਿਆਂ ਜਾਂ ਅਸਲੋਂ ਓਪਰਿਆਂ ਨੂੰ ਕੁਛ ਨ ਕੁਛ ਚੰਗਾ ਚੰਗਾ ਆਖ ਅਪਣਾ ਤੇ ਨਵਿਆ ਲੈਣਾ ।

ਏਥੋਂ ਸੰਗਤਾਂ ਤਾਂ ਆਪਣੇ ਆਪਣੇ ਵਾਹਨਾਂ ਦੁਆਰਾ ਘਰੋ ਘਰੀਂ ਪਹੁੰਚ ਗਈਆਂ । ਸ੍ਰੀ ਸਤਿਗੁਰੂ ਜੀ ਆਪਣੀ ਗੱਡੀ ਤੇ ਗੁਰਦੇਵ ਸਿੰਘ ਹਰਭਜਨ ਸਿੰਘ ਅਤੇ ਸ੍ਰ. ਹੰਸਪਾਲ ਨੂੰ ਬਿਠਾ ਦੇ ਉਸਤਾਦ ਅਮਜਦ ਅਲੀ ਖਾਂ ਵਲ ਚਲੇ ਗਏ ।

ਅੱਧਾ ਘੰਟਾ ਸੰਗੀਤ-ਸਮੇਲਨ ਬੰਬਈ ਬਾਰੇ ਵਿਚਾਰ ਵਟਾਂਦਰਾਂ ਕਰਕੇ, ਕਮਾਨੀ ਆਡੀਟੋਰੀਅਮ ਵਿਚ ਬੀਬੀ ਅਨੀਤਾ ਵਲੋਂ ਕਰਵਾਏ ਜਾ ਰਹੇ ਸੰਗੀਤ-ਸਮਾਰੋਹ ਵਿਚ ਕੁਛ ਸਮਾ ਦਰਸ਼ਨ ਦਿਤੇ ।

੧੧ ਵਜੇ ਰਾਤੀਂ ੧੧/੧੦ ਕੋਠੀ ਆਏ ਅਤੇ ਉਡੀਕਵਾਨਾਂ ਨਾਲ ੨੦-੩੦ ਮਿੰਟ ਬੰਦ ਕਮਰੇ ਵਿਚ ਬਿਤਾਏ ਪਰ ਖਲੇ ਖਲੋਤਿਆਂ ਹੀ ।

## ਇਹ ਚੋਤੀ ਕੀ ?

ਸ੍ਰ. ਸੁਰਜੀਤ ਸਿੰਘ ਦੇ ਸਪੁਤਰ ਧਰਮਵੀਰ ਸਿੰਘ ਨੂੰ ਸਤਿਗੁਰੂ ਜੀ ਨੇ ਫ਼ਰਮਾਇਆ : ਤੂੰ ਤੇ ਸ਼ੇਰ ਸਿੰਘ 'ਚੋਤੀ' ਸੁਰ ਕਰਕੇ ਲਿਆਇਓ । ਸਵੇਰੇ ਏਥੇ ਹੀ ਆਸਾ ਦੀ ਵਾਰ ਲਗਣੀ ਹੈ, ਵਾਹਵਾ ਰੌਣਕ ਵਧੇਗੀ ।



Sri Satguru Jagjit Singh Ji Elibrary NamdhariElibrary@gmail.com

ਹੁਣ 'ਚੋਤੀ' ਬਾਰੇ ਕਿਸੇ ਨੂੰ ਪਤਾ ਨ ਲਗਾ ਕਿ ਇਹ ਕੀ ਸ਼ੈ ਹੈ ਜੁ ਸੁਰ ਕਰਕੇ ਲਿਆਉਣੀ ਹੈ। ਸਾਰੇ ਇਕ ਦੂਜੇ ਦਾ ਮੂੰਹ ਵੇਖਣ ਲਗੇ। ਸਤਿਗੁਰੂ ਜੀ ਨੇ ਵਿਨੋਦ ਪੂਰਣ ਆਖਿਆ ਸਮਝ ਨਹੀਂ ਆਈ? ਦੋਵੇਂ (ਸ਼ੇਰ ਸਿੰਘ ਅਤੇ ਧਰਮਵੀਰ ਸਿੰਘ) ਸਿਤਾਰਾਂ ਵਾਲੇ ਹੋ ਤੇ 'ਸਤਾਰੋ ਦੂਣਾ ਚੋਤੀ'। ਸੋ ਦੋ ਸਿਤਾਰਾਂ ਵਜਣ ਗੀਆਂ ਤਾਂ ਚੌਤੀ ਆਪਣੇ ਆਪ ਹੋ ਜਾਣਗੇ।

**ਬੀਤਿਆ ਤੇ ਆਗਾਮੀ**

ਸਤਿਗੁਰੂ ਜੀ ਨੇ ਮੇਰੇ ਪੁੱਛਣ ਤੇ ਦੱਸਿਆ: ਮੈਂ ੬ ਤੋਂ ੯ ਫਰਵਰੀ ਤਕ ਬੈਂਗਲੋਰ ਜਾ ਰਿਹਾ ਹਾਂ। ਓਥੇ ਸਭ ਕੁਸ਼ਲਤਾ ਹੈ। ਮਹਾਰਾਜ ਜੀ ਤੇ ਬੀਬੀ ਜੀ ਓਥੋਂ ੨੩-੨ ਨੂੰ ਸਿੱਧੇ ਹੀ ਮਦਰਾਸ ਪਹੁੰਚ ਜਾਣਗੇ ਰੇਲ ਦੁਆਰਾ। ਤੁਸੀਂ ਲੋਕ ਏਧਰੋਂ ਚਲੇ ਜਾਓਗੇ। ਖਾਂ ਸਾਹਿਬ ਅਮਜਦ ਅਲੀ ਨਾਲ ਹੋਟੀ ਵਾਰਤਾਲਾਪ ਦਾ ਸਾਰ ਦਸਦਿਆਂ ਸ੍ਰੀ ਹਜ਼ੂਰ ਨੇ ਫਰਮਾਇਆ: ੩,੪,੬,੭,੮, ਤਾਰੀਖਾਂ ਨੂੰ ਸੰਗੀਤ ਸਮਾਰੋਹ ਕਰਨਾ ਨਿਸਚਿਤ ਹੋ ਗਿਆ ਹੈ। ਕੁਛ ਵਿਚਾਰ ਕੱਲ ਹੋ ਜਾਵੇਗੀ।

**ਸੰਗੀਤ ਸਮੇਲਨ ਦੀ ਤਿਆਰੀ**

ਸ੍ਰ. ਹਰਵਿੰਦਰ ਸਿੰਘ ਵੱਲ ਤਕ ਹੁਕਮ ਹੋਇਆ: ਗੁਰਦੇਵ ਸਿੰਘ ਨੂੰ ਟਿਕਟ ਰਿਜ਼ਰਵ ਕਰਵਾ ਦੇਣਾ। ਇਹ ਬੰਬਈ ਮੁਨਾਸਬ ਕਾਰਵਾਈ ਕਰ ਆਵੇਗਾ ਤੇ ਤੁਸਾਂ ਪ੍ਰੈਸ ਕਾਨਫਰੰਸ ਕਰਨ ਲਈ ਚਲੇ ਜਾਣਾ। ਨਾਲ ਹੀ ਅਗਿਆ ਕੀਤੀ: ਲੁੜੀਂਦੇ ਖਰਚਿਆਂ ਲਈ ਪ੍ਰਧਾਨ ਕਰਤਾਰ ਸਿੰਘ (ਬੰਬਈ, ਨਾਮਧਾਰੀ ਸੰਗਤ) ਨਾਲ ਗੱਲ ਕਰ ਲੈਣੀ। ਉਹ ਪ੍ਰਬੰਧ ਕਰੇਗਾ।

ਸਤਿਗੁਰੂ ਜੀ ਨੇ ਦੱਸਿਆ: ਪੰ: ਸ਼ਿਵ ਕੁਮਾਰ ਸ਼ਰਮਾ ਦੇ ਦੁਹਾਂ ਨਾਮਧਾਰੀ ਸ਼ਾਗਿਰਦਾਂ, ਕਿਰਨਪਾਲ ਸਿੰਘ ਅਤੇ ਹਰਜਿੰਦਰ ਸਿੰਘ ਨੂੰ ਸੁਣਿਆ ਹੈ। ਹੁਣ ਟਰੇਕ ਤੇ ਆ ਗਏ ਹਨ। ਚੰਗੇ ਨਤੀਜਿਆਂ ਦੀ ਆਸ ਹੈ।

**ਮੋਹਣਾ**

ਮੈਨੂੰ ਇਕ ਚਾਕਲੇਟ ਟਾਫ਼ੀ ਦਿੰਦਿਆਂ ਫਰਮਾਇਆ: ਮਿੰਨੇ (ਮੇਰੇ ਵੱਡੇ ਲੜਕੇ ਮਨਧੀਰ ਸਿੰਘ ਦਾ ਛੋਟਾ ਤੇ ਘਰੇਂਗਾ ਨਾਂ) ਨੂੰ ਦੇ ਦੇਣੀ। ਮੈਂ ਦਸਿਆ: ਉਸਨੇ ਅਜਕਲ ਸਿੱਧੀ ਦਸਤਾਰ ਸਜਾਣੀ ਸ਼ੁਰੂ ਕਰ ਦਿਤੀ ਹੈ।

ਗੁਰਦੇਵ ਸਿੰਘ-ਹਰਭਜਨ ਸਿੰਘ, ਗੁਰਦੀਪ ਸਿੰਘ ਢੇਂਡਾ, ਧਰਮਵੀਰ ਸਿੰਘ, ਸ. ਸੁਰਜੀਤ ਸਿੰਘ, ਸ੍ਰ. ਹਰਵਿੰਦਰ ਸਿੰਘ ਤੇ ਲੇਖਕ ਵਾਪਸੀ ਲਈ ਚਲ ਪਏ। ਸੇਠ ਤ੍ਰਿਲੋਕ ਸਿੰਘ ਤੇ ਉਨ੍ਹਾਂ ਦੇ ਸਪੁਤਰ ਧਰਮ ਸਿੰਘ, ਸ਼ੇਰ ਸਿੰਘ ਤੇ ਲਾਲ ਸਿੰਘ ਤਾਂ ਕੋਠੀ ਵਿਚ ਹੀ ਆਪਣੇ ਕਮਰਿਆਂ ਨੂੰ ਹੋ ਲਏ।

੧੨ ਵਜੇ ਅਸੀਂ ਰਾਤੀਂ ਅਸੀਂ ਘਰੋ ਘਰੀ ਪਹੁੰਚੇ।

## ੧੧ ਫਰਵਰੀ ੧੯੭੮, ਸ਼ਨੀਵਾਰ
## ਨਵੀਂ ਦਿੱਲੀ

**ਦਰਸ਼ਨਾਰਥੀ**

ਮੈਂ ੧੦ ਵਜੇ ਦਿਨੇ ਪੂਸਾ ਰੋਡ ਕੋਠੀ ਪੁਜਾ। ਸੰਤ ਪ੍ਰੀਤਮ ਸਿੰਘ ਸੰਤ ਬਲਵੰਤ ਸਿੰਘ ਬਾਲੀ ਨਗਰ ਤੇ ਇਕ ਹੋਰ ਸੰਤ ਪਹਿਲਾਂ ਹੀ ਮਿਲ ਪਏ। ਖੂਹੀ ਦੀ ਛੱਤ ਵੱਲ ਡਿਠਾ ਤਾਂ ਡਾ: ਅਮਰ ਭਾਰਤੀ ਕੁਝ ਸਾਥੀਆਂ ਨਾਲ ਨਜ਼ਰ ਪਏ। ਨਾਲ ਸਨ: ਸ. ਅਵਤਾਰ ਸਿੰਘ 'ਹਿਤ', ਸ. ਸੁਰਜੀਤ ਸਿੰਘ, ਸ੍ਰ. ਗਿਆਨ ਸਿੰਘ (ਤਿੰਨੇ ਹਰੀ ਨਗਰ ਦੇ) ਅਤੇ ਸੰਤ ਜੁਗਿੰਦਰ ਸਿੰਘ ਮਾਇਆ ਪੁਰੀ। ਇਹ ਸੇਠ ਤ੍ਰਿਲੋਕ ਸਿੰਘ ਤੋਂ ਰਾਮਗੜੀਆ ਭਵਨ ਲਈ ਮਾਇਆ ਲੈਣ ਆਏ ਸਨ। ਸੇਠ ਜੀ ਤੇ ਹੰਸਪਾਲ ਨੇ ਸਤਿਗੁਰੂ ਜੀ ਵਲੋਂ ਇਸ ਭਵਨ ਦਾ ਉਦਘਾਟਨ ਕੀਤਾ ਸੀ। ਸੇਠ ਜੀ ਨੇ ਉਤਰ ਦਿਤਾ: ਸਤਿਗੁਰੂ ਜੀ ਜੋ ਹੁਕਮ ਕਰਨਗੇ, ਆਪਣੀ ਸੇਵਾ ਕਰ ਦਿਆਂਗਾ। ਪਰ ਸਤਿਗੁਰੂ ਜੀ ਤਾਂ ਕੁਝ ਸਮੇਂ ਲਈ ਆਰਾਮ ਫ਼ਰਮਾ ਰਹੇ ਸਨ।

ਹੌਲੀ ਹੌਲੀ ਸੰਗਤ ਦੇਖੋ ਹੀ ਇਕੱਤਰ ਹੋਣ ਲਗ ਪਈ: ਸੂਬਾ ਗੇਡਾ ਸਿੰਘ, ਉਹਨਾਂ ਦਾ ਪੋਤਰਾ ਪ੍ਰੇਮ ਸਿੰਘ, ਸੰਤ ਗੋਪਾਲ ਸਿੰਘ (ਸਟੀਲ ਬਰਤਨ ਵਿਕ੍ਰੇਤਾ) ਸੰਤ ਗੁਰਚਰਨ ਸਿੰਘ ਮਲੂਵਾਲ, ਸੇਠ ਕਿਰਪਾਲ ਸਿੰਘ ਡਾ: ਗੰਜ, ਸੇਠ ਸੁਰਿੰਦਰ ਸਿੰਘ ਡਾ: ਗੰ, ਸ੍ਰੀ ਗੁਰਭਜਨ ਸਿੰਘ, ਉਹਦੀ ਪਤਨੀ, ਨਿਬੰਧ ਲੇਖਕ ਸ. ਜਸਵਿੰਦਰ ਸਿੰਘ, ਗਿਆਨੀ



Sri Satguru Jagjit Singh Ji Elibrary NamdhariElibrary@gmail.com

ਜਸਵੰਦ ਸਿੰਘ, ਸੰਤ ਜੋਗਾ ਸਿੰਘ (ਜੋਧਪੁਰ) ਪਧਾਣਾ। ਪੰਜ ਸੱਤ ਮਾਈਆਂ ਤੇ ਅਮਰ ਭਾਰਤੀ ਆਪਣੇ ਸਾਥੀਆਂ ਨਾਲ ਬੈਠਣ ਕਮਰੇ ਵਿਚ ਆ ਗਏ ।

੧੧ ਵਜੇ ਸਤਿਗੁਰੂ ਜੀ ਬੈਠਣ ਕਮਰੇ ਵਿਚ ਰੇਸ਼ਮੀ ਚੱਦਰ ਦੀ ਬੁੱਕਲ ਮਾਰੀ ਆਏ। ਸਤਿਗੁਰੂ ਜੀ ਨੇ ਮੈਨੂੰ ਆਦੇਸ਼ ਦਿੱਤਾ: ਜੋਗਾ ਸਿੰਘ ਨੂੰ ਮਿਲ ਕੇ ਸੁਣਿਓਂ ਕਿ ਦਸਤਾਰ ਬਾਰੇ ਉਸ ਕਿਵੇਂ ਜੰਗ ਲੜੀ। ਫੋਜ ਵਾਲਿਆਂ ਇਸ ਦੀ ਕਿਵੇਂ ਲਾਹੀ ਤੇ ਫਿਰ ਮੁਆਫ਼ੀ ਮੰਗਦਿਆਂ ਵਾਪਸ ਕਰ ਦਿਤੀ। ਉਪਰੰਤ ਹੱਸਦੇ ਹੱਸਦੇ ਭਾਰਤੀ ਜੀ ਨੂੰ ਕਹਿਓ ਨੇ: ਤੁਸੀਂ ਅਰਜ਼ ਕਰ ਲਓ ਤਾਕਿ ਮੈਂ ਛੇਤੀ-ਛੇਤੀ ਵਿਹਲਿਆਂ ਹੋ ਕੇ ਪ੍ਰਸ਼ਾਦ ਛੱਕ ਲਵਾਂ।

## ਰਾਮਗੜੀਆਂ ਭਵਨ ਲਈ

ਥੋੜ੍ਹਾ ਹਾਸ ਵਿਲਾਸ ਹੁੰਦਿਆਂ ਜਦੋਂ ਰਾਮਗੜ੍ਹੀਆ ਭਵਨ ਲਈ ਮਾਇਆ ਦੀ ਅਰਜ਼ ਹੋਈ ਤਾਂ ਸਤਿਗੁਰੂ ਜੀ ਨੇ ਮੁਸਕਰਾਂਦਿਆਂ ਬਚਨ ਕੀਤਾ: ਅਸੀਂ ਕਿਸੇ ਭਵਨ ਜਾਂ ਸਭਾ ਦੀ ਪੈਟਰਨਸ਼ਿਪ, ਨਿਰਨਾ ਕਰਕੇ ਹੀ ਕਬੂਲਦੇ ਹਾਂ। ਕਿਸੇ ਦੇ ਉਦਘਾਟਨ ਦੀ ਰਕਮ ਅਦਾ ਨਹੀਂ ਕਰਦੇ। ਇਕ ਅਦਾਇਗੀ ਤਾਂ 'ਸਵਾ ਲੱਖ ਰੁਪਏ' ਨਾਲ ਵੀ ਹੁੰਦੀ ਹੈ...। ਫੇਰ ਕੋਲ ਬੈਠੇ ਸੇਠ ਜੀ ਨੂੰ ਹੁਕਮ ਹੋਇਆ: ਚੰਗਾ ਫਿਰ, ਇਹ ਡਾਢੇ ਲੋੜਵੰਦ ਜਾਪਦੇ ਹਨ, ਇਹਨਾਂ ਨੂੰ ੨੦੦੦/- ਦੇ ਦਿਓ। ਡਾ: ਅਮਰ ਭਾਰਤੀ ਨੇ ਵਿਸ਼ੇਸ਼ ਲੋੜ ਦੀ ਵਕਾਲਤ ਕੀਤੀ ਤਾਂ ੫੦੦੦/- ਦੀ ਆਗਿਆ ਹੋ ਗਈ। ਅਤੇ ਸੇਠ ਤ੍ਰਿਲੋਕ ਸਿੰਘ ਨੇ ਇਕ ਚੈੱਕ ੫੦੦੦/- ਦਾ ਅੰਦਰੋਂ ਜਾਕੇ, ਲਿਆ ਦਿਤਾ। ਡਾ: ਭਾਰਤੀ ਨੇ ਹਿਤ ਹੁਰਾਂ ਨੂੰ ਕਿਹਾ: ਲਓ ਜੀ, ਤੁਸਾਂ ਏਨਾ ਹੀ ਸੋਚਿਆ ਹੋਇਆ ਸੀ, ਤੁਹਾਡੀ ਗੱਲ ਬਣ ਗਈ।

ਸਤਿਗੁਰੂ ਜੀ, ਹੋਰ ਆਏ ਮਾਈ ਭਾਈ ਦੀ ਭੇਟਾ ਪਰਵਾਨ ਕਰ ਇਸ਼ਨਾਨ ਕਮਰੇ ਲਈ ਚਲੇ ਤਾਂ ਹੰਸਪਾਲ ਨੇ ਬਸੰਤ-ਕਾਰਡ ਪੇਸ਼ ਕਰ ਦਿਤੇ। ਸਤਿਗੁਰੂ ਜੀ ਨੇ ਪਹਿਲਾਂ ਅਮਰ ਭਾਰਤੀ ਤੇ ਫਿਰ ਹਿਤ ਐਂਡ ਪਾਰਟੀ ਨੂੰ ਵੰਡ ਦਿਤੇ। ਐਤਕਾਂ ਇਹ ਕਾਰਡ ਮਿਹਨਤ ਤੇ ਵਧੀਆ ਢੰਗ ਨਾਲ ਤਿਆਰ ਕੀਤੇ ਗਏ ਹਨ।

## ਮਨਮਾੜ ਯਾਤਰੀ ਨਾਲ

ਏਨੇ ਸਮੇਂ ਇਕ ਸੱਜਣ ਨੇ ਗੁਰਦੁਆਰਾ ਗੁਪਤਸਰ ਮਨਮਾੜ ਵਿਚ ਲਗੀਆਂ ਤਸਵੀਰਾਂ ਦੀ ਚਰਚਾ ਕੀਤੀ ਕਿ ਉਸਨੇ ਦਰਸ਼ਨ ਕਰਨ ਗਿਆਂ ਗੁਰਦੁਆਰੇ ਵਿਚ ਰੁਸਤਮ ਰਾਇ ਬਾਲਾ ਰਾਇ ਦੀ ਇਕ ਕਲਮੀ ਤਸਵੀਰ ਤੱਕੀ ਹੈ ਜਿਸ ਉਤੇ ਗੁਰੂ ਗੋਬਿੰਦ ਸਿੰਘ ਜੀ ਨੂੰ "ਬੰਦੀ ਛੋੜ" ਵੀ ਲਿਖਿਆ ਹੈ। ਬਲੇ ਲਿਖਿਆ ਹੈ ਕਿ ਰੁਸਤਮ ਰਾਓ ਤੇ ਬਾਲਾ ਰਾਓ ਨੂੰ ਪੂਨੇ ਸਤਾਰੇ ਦੇ ਕਿਲੇ ਵਿਚੋਂ ਗੁਰੂ ਗੋਬਿੰਦ ਸਿੰਘ ਛੁੜਵਾ ਕੇ ਲਿਆਏ।

ਇਸ ਨੇ ਇਹ ਵੀ ਦੱਸਿਆ ਕਿ ਤਖਤ ਸਚਖੰਡ, ਅਬਚਲ ਨਗਰ ਹਜ਼ੂਰ ਸਾਹਿਬ ਵਿਖੇ ਕਿਰਪਾਨ ਨਾਲ ਹੀ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਅਤੇ ਇਸਤਰੀਆਂ ਵਾਸਤੇ ਕੇਵਲ ਇਕੋ ਬਾਣੀ ਨਾਲ ਬਣਾਇਆ ਜਾਂਦਾ ਹੈ। ਇਹ ਬਾਣੀ ਅਨੰਦ ਸਾਹਿਬ ਹੈ ਜਿਸ ਨੂੰ ਇਕੋ ਸਰੀਰ ਪੜ੍ਹਦਾ ਤੇ ਉਹੀ ਅਮ੍ਰਿਤ ਛਕਾਂਦਾ ਹੈ।

ਸਤਿਗੁਰੂ ਜੀ ਤਾਂ ਪਰਸ਼ਾਦ ਛਕਣ ਲਈ ਤਿਆਰ ਹੋ ਕੇ ਚਲੇ ਗਏ। ਮੈਂ ਸੰਤ ਜੋਗਾ ਸਿੰਘ ਨਾਲ ਗੱਲੀਂ ਰੁਝ ਗਿਆ। ਜੋਗਾ ਸਿੰਘ ਜੁ ਅਜਕਲ ਮਿਲਟਰੀ ਵਿਚ ਜੋਧਪੁਰ ਵਿਖੇ ਕਲਰਕੀ ਕਰਦਾ ਹੈ, ਤੋਂ ਮੈਂ ਉਸਦੀ ਦਸਤਾਰ ਬਾਰੇ ਸਾਰੀ ਕਹਾਣੀ ਸੁਣੀ। ਉਹ ਦ੍ਰਿੜਤਾ, ਵਿਸ਼ਵਾਸ ਅਤੇ ਹਿਮਤ ਦੀ ਕਹਾਣੀ ਹੈ। ਉਸਨੂੰ ਆਖਿਆ ਹੈ ਕਿ ਆਪਣੀ ਸਾਰੀ ਜਦੋਜਹਿਦ ਲਿਖਕੇ ਭੇਜੇ।

ਪ੍ਰਸ਼ਾਦ ਛਕਣ ਦੇ ਸਮੇਂ ਤਕ ਬੈਠਣ ਕਮਰੇ ਵਿਚ ਹੋਰ ਸਿਖ ਆ ਜੁੜੇ। ਨਾਮ ਹਨ: ਸ੍ਰ. ਸੁੱਚਾ ਸਿੰਘ ਸੋਖੀ, ਸੰਤ ਤੇਜਾ ਸਿੰਘ-ਕਿਰਪਾਲ ਸਿੰਘ ਸ਼ਾਮ ਨਗਰ, ਸੰਤ ਬਲਵੰਤ ਸਿੰਘ-ਪ੍ਰੀਤਮ ਸਿੰਘ ਬਾਲੀ ਨਗਰ, ਸ੍ਰ. ਸੇਵਾ ਸਿੰਘ-ਭੁਪਿੰਦਰ ਸਿੰਘ ਕ੍ਰਿਸ਼ਨ ਨਗਰ ਸਮੇਤ ਪਰਵਾਰ, ਸੰਤ ਹਰਭਜਨ ਸਿੰਘ ਟਾਈਪਿਸਟ, ਸ੍ਰ. ਦਰਸ਼ਨ ਸਿੰਘ (ਧੀਰ-ਜੁਆਈ) ਸ੍ਰ. ਬਲਵਿੰਦਰ ਪਾਲ ਸਿੰਘ ਹੈਦਰਾਬਾਦ, ੫-੭ ਸਰੀਰ ਹੋਰ ਜਿਨ੍ਹਾਂ ਦੇ ਮੈਂ ਨਾਮ ਨਹੀਂ ਜਾਣਦਾ।



Sri Satguru Jagjit Singh Ji Elibrary NamdhariElibrary@gmail.com

ਸ. ਸੁਲੱਖਣ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਤਾ ਦੇ ਭੋਗ ਤੇ ਜਾਣ ਦੀ ਤਿਆਰੀ ਸਮੇਂ ਡਾ: ਅਮਰ ਭਾਰਤੀ ਨੂੰ ਅੰਦਰ ਬੁਲਾਕੇ ਕੁਛ ਗੱਲਾਂ ਕੀਤੀਆਂ।

ਭਾਰਤੀ ਨੇ ਮੇਰੇ ਪੁੱਛਣ ਤੇ ਦੱਸਿਆ ਕਿ ਸਤਿਗੁਰਾਂ ਉਹਦੇ ਘਰ-ਖਰਚੇ ਬਾਰੇ ਪੁਛਿਆ ਸੀ ਕਿਸੇ ਲੋੜ ਦੀ ਪੂਰਤੀ ਵਿਚ ਉਹ ਸਹਾਇਕ ਹੋਣਾ ਚਾਂਹਦੇ ਸਨ।ਪਰ ਇਸਨੇ'' ਸਭ ਠੀਕ ਠਾਕ ਚਲ ਰਿਹਾ ਹੈ'' ਕਹਿਕੇ ਕ੍ਰਿਪਾ ਲਈ ਕ੍ਰਿਤਗਤਾ ਪਰਗਟ ਕੀਤੀ।

੧.੦੦ ਵਜੇ ਤਕ ਹੋਰ ਵੀ ਬਹੁਤ ਸਾਰੀ ਸੰਗਤ ਆ ਗਈ। ਸ੍ਰੀ ਸੁਰਾਇਣ ਸਿੰਘ (ਕਾਮੋਕਿਆਂ ਦਾ ਭਣੇਵਾਂ) ਪਤਨੀ ਤੇ ਬੱਚੀ ਸਮੇਤ, ਬੀਬੀ ਸ਼ਕੁੰਤਲਾ ਭੂਟਾਨੀ, ਸ. ਰਾਮ ਸਿੰਘ ਤੇ ਪਰਵਾਰ, ਸੰਤ ਮਹਿੰਦਰ ਸਿੰਘ ਕਲਸੀ ਆਦਿ। ਸਤਿਗੁਰੂ ਜੀ ਆਪਣੇ ਆਰਾਮ ਕਮਰੇ ਵਿਚ ਹੀ ਵੱਖ ਵੱਖ ਜਣਿਆਂ ਨੂੰ ਜ਼ਰੂਰਤ ਮੁਤਾਬਕ ਬੁਲਵਾ ਨਿਵਾਜਦੇ ਰਹੇ।

### ਸੰਤ ਗਿਆਨ ਸਿੰਘ ਨਮਿਤ ਭੋਗ

ਪੂਰੇ ਡੇਢ ਵਜੇ ਸ. ਸੁਲਖਣ ਸਿੰਘ ਵਾਈਸ ਪ੍ਰੈਜ਼ੀਡੈਂਟ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਵਾਈਸ਼ ਪ੍ਰੈਜ਼ੀਡੈਂਟ ਦਿਹਾਤੀ ਕਾਂਗਰਸ ਕਮੇਟੀ (ਇੰਦਰਾ ਗੁਟ) ਦੇ ਘਰ ਤ੍ਰੀ ਨਗਰ (ਗਣੇਸ਼ਪੁਰ) ਵਿਖੇ ਸ੍ਰੀ ਸਤਿਗੁਰੂ ਜੀ ਪਧਾਰੇ, ਏਥੇ ਬਹੁਤ ਸਾਰੇ ਤਾਂ ਸਿਖ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਅਕਾ ਭਾਈ, ਹੋਰ ਸਿੱਖ ਤੇ ਕਾਂਗਰਸੀ ਅਤੇ ਹਿੰਦੂ ਸਜਣ ਵੀ ਆ ਹੋਏ ਸਨ। ਨਾਮਧਾਰੀਆਂ ਤਾਂ ਆਉਣਾ ਹੀ ਸੀ।ਉਹਨਾਂ ਦ ਇਹ ਘਰ ਸੀ।

ਸ. ਸੁਲੱਖਣ ਸਿੰਘ ਦੇ ਪਿਤਾ ਸੰਤ ਗਿਆਨ ਸਿੰਘ ਨਮਿ ਭੋਗ ਤੇ ਦੋ ਹਜ਼ਾਰ ਤੋਂ ਵੱਧ ਲੋਕਾਂ ਦਾ ਇਕੱਠ ਸੀ। ਸੁਲੱਖਣ ਸਿੰਘ ਨੇ ਸਤਿਗੁਰੂ ਜੀ ਦੀ ਕ੍ਰਿਪਾ ਤੇ ਦਲੇਰੀ ਨਾ ਨਾਮਧਾਰੀ-ਪਣ ਤੇ ਅਕਾਲੀ ਗੁਰਦੁਆਰਾ ਕਮੇਟੀ ਦੇ ਲੋ ਨਾਲ ਸਾਮੰਜਸ ਕੀਤਾ ਹੋਇਆ ਹੈ। ਇਕ ਲੰਮੀ ਤੇ ਅਣਟੁ ਕਤਾਰ ਸਤਿਗੁਰੂ ਜੀ ਦੇ ਦਰਸ਼ਨ ਤੇ ਭੇਟਾ ਹਿਤ ਸਾਰਾ ਸ ਜਾਰੀ ਰਹੀ। ਤਰਤੀਬ ਸੀ, ਸ੍ਰੀ ਗਰੰਥ ਸਾਹਿਬ ਜੀ ਸਾਹਮਣੇ ਰਾਗੀ ਸਿੰਘ ਅਤੇ ਦੋਹਾਂ ਦੇ ਵਿਚਾਲਿਓਂ ਸਾਹਮ ਸਤਿਗੁਰੂ ਜੀ ਦਾ ਫੁਲਾਂ-ਸ਼ਿਗਾਰਿਆ ਆਸਣ।

ਇਸ ਸਮੇਂ ਸਤਿਗੁਰੂ ਜੀ ਤੋਂ ਸ਼ੋਭਾ ਪ੍ਰਾਪਤ ਹੋਠ ਲਿ ਵਿਅਕਤੀ ਸਨ: ਸੂਬਾ ਗੰਡਾ ਸਿੰਘ ਜੀ ਦਿੱਲੀ, ਸ. ਸੋ ਸਿੰਘ ਨਾਮਧਾਰੀ ਏਜੰਸੀਜ਼, ਸ. ਸੁਰਿੰਦਰ ਸਿੰਘ ਮਨਚੰ ਗਿਆਨੀ ਜਸਵੰਤ ਸਿੰਘ, ਸੰਤ ਮਹਿੰਦਰ ਸਿੰਘ ਪੂਰਵਾ, ਸ ਹਰਭਜਨ ਸਿੰਘ, ਸੰਤ ਦਲੀਪ ਸਿੰਘ ਹਿਸਾਰ, ਡਾ: ਅਮ ਭਾਰਤੀ, ਸ. ਹਰਵਿੰਦਰ ਸਿੰਘ ਹੰਸਪਾਲ, ਸੰਤ ਤ੍ਰਿਲੋਕ ਸਿੰ ਸੰਤ ਸੁਖਦਰਸ਼ਨ ਸਿੰਘ ਆਦਿ......। (ਚਲਦਾ

## ਇਹ ਅੰਕ

ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦਾ ਅਠਾਰਵਾਂ ਵਾਰਸ਼ਕ ਸੰਮੇਲਨ ਸ਼੍ਰੀ ਭੈਣੀ ਸਾਹਿਬ ਵਿਚ ੩ ਜੁਲਾਈ ਨੂੰ ਸਮਾਪਤ ਹੋਇਆ। ਇਸ ਸੰਮੇਲਨ ਅਤੇ ਹੋਰ ਵਿਸ਼ੇਸ਼ ਕਾਰਜਾਂ ਵਿਚ ਸੰਪਾਦਕ ਵਰਿਆਮ ਦੇ ਵਿਅਸਤ ਹੋਣ ਕਾਰਨ ਵਰਿਆਮ ਦਾ ਹਥਲਾ ਅੰਕ ਕੁਝ ਲੇਟ, ਕੁਛ ਵਿਸ਼ੇਸ਼ ਸਾਮਗਰੀ ਤੋਂ ਬਿਨਾਂ ਅਤੇ ਕੁਛ ਹੋਰ ਘਾਟਾਂ ਸਹਿਤ ਪ੍ਰਕਾਸ਼ਤ ਹੋ ਰਿਹਾ ਹੈ :—

ਖਿਮਾ ਯਾਚਨਾ। —ਸੰਪਾਦਕ



Sri Satguru Jagjit Singh Ji Elibrary NamdhariElibrary@gmail.com

*WITH BEST COMPLIMENTS FROM :*

# *Harbhajan Sarbjeet & Associates*

*CIVIL ENGINEERING CONTRACTORS*

*Head office :*
*562/6 Ramgarh Colony*
*Kanpur Road, LUCKNOW-5 (U.P.)*
*Phone : 51510.*

*Administrative office :*
*2, S B H officers colony*
*Jalna Road,*
*AURANGABAD-431001*
*(Maharashtra)*
*Phone : 3587.*

**Works in Hand :**

Construction of Paithan Right bank Canal
Jayakwadi Project
AURANGABAD (M.S.)
Costing Rs. 3 20 Crores

Construction of Central Railways Project in between Karjat & Lonavala (Bombay)
Costing Rs. 1.13 Crores

Construction of Waranga Tunnel 2.5 km long & Canal Works on Upper Penganga Project
NANDED (M.S.)
Costing Rs. 4.50 Crores

Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM July, 19
Registered with the registrar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

ਅਸ਼ੋਕਾ ਬਿਸਕੁਟ




ਵਪਾਰਕ ਜਾਣਕਾਰੀ ਲਈ ਸੰਪਰਕ:

PHONES 565693
212667

**Sri Hari Partap Trading Centre**
**6-7 A SAROJANI PARK, SHASTRI NAGAR, DELHI-31**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ.ਪੀ.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jullundur-144001.

Sri Satguru Jagjit Singh Ji Elibrary NamdhariElibrary@gmail.com